Posting Date
01 ਜੁਲਾਈ 2015

# ਅੰਮ੍ਰਿਤ ਕੀਰਤਨ

## ਜੁਲਾਈ 2015




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਬਾਰਹਮਾਹ – ਕੱਤਕ

ਕੱਤੇਂ ਕੇਤਕ ਕਰਾਂ ਉਡੀਕਾਂ
ਹੋਰ ਨ ਜਰਿਆ ਜਾਂਦਾ ਈ।
ਪਿੰਜਰ ਸੁੱਕ ਕੇ ਹੋਇਆ ਤੀਲਾ,
ਖਾਣਾ ਮੂਲ ਨ ਭਾਂਦਾ ਈ।
ਹਿਜਰ ਤੇਰੇ ਦੀ ਅੱਗ ਦਾ ਲੰਬੂ
ਰਾਤ ਦਿਨੇ ਤੜਪਾਂਦਾ ਈ।
ਮੈਂ ਸੁਣਿਆ ਤੂੰ ਪ੍ਰੀਤਮ ਪਿਆਰਾ,
ਸਭਨਾਂ ਨੂੰ ਹੀ ਭਾਂਦਾ ਈ।
ਜੇ ਕੋਈ ਜਾਂਦਾ ਰਤੀ ਪਰੇਰੇ।
ਬਹੁੜ ਗਲੇ ਨੂੰ ਲਾਂਦਾ ਈ।
ਪਾ ਦੀਦਾਰ ਮਸਤੀ ਵਿਚ ਆ ਕੇ
ਹੋਰ ਨ ਕਿਧਰੇ ਜਾਂਦਾ ਈ।
ਦਰਸ਼ਨ ਤਾਂਘ ਮੰਨ ਬਿਹਬਲ ਹੋਇਆ,
ਉਕਾ ਨਾ ਸ਼ਰਮਾਂਦਾ ਈ।
ਸੰਤੋਖ ਸਿੰਘ ਹੁਣ ਆ ਜਾਉ ਜਾਨੀ,
ਹੱਥ ਬੰਨ੍ਹ ਪਿਆ ਬੁਲਾਂਦਾ ਈ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

ਅੰਮ੍ਰਿਤ ਕੀਰਤਨ

## ਇਸ ਅੰਕ ਵਿਚ


ਸੰਪਾਦਕੀ : ਸੰਪਾਦਕੀ ਸੰਚਾਰ ਅਤੇ ਪ੍ਰਤੀਕਰਮ 4

ਗੁਰਮਤਿ ਸੰਗੀਤ ਵਿਚ ਰਾਗ ਮਾਲੀ ਗਉੜਾ ਅਤੇ ਤੁਖਾਰੀ
ਡਾ. ਗੁਰਨਾਮ ਸਿੰਘ 6

ਬਾਣੀ ਆਸਾ ਦੀ ਵਾਰ ਦਾ ਨੈਤਿਕ ਸਰੋਕਾਰ
ਡਾ. ਜਸਕਿਰਨ ਕੌਰ 12

ਸੰਗੀਤ ਸਿਖਿਆ ਵਿਚ ਅਧਿਆਪਕ ਦੀ ਭੂਮਿਕਾ ਅਤੇ ਕਰਤੱਵ
ਡਾ. ਹਰਮਿੰਦਰ ਕੌਰ 17

ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ
ਭਾਈ ਗੁਰਮੀਤ ਸਿੰਘ ਜੋਸ਼ 22

ਸੁਰ ਲਿਪੀ : ਅਭੋਗੀ ਕਾਨੜਾ 25
ਪ੍ਰਿੰ: ਦਿਆਲ ਸਿੰਘ

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ।, ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ ੩੦ £, ਜੀਵਨ ਮੈਂਬਰ ੩੦੦ £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com


## ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

## ਮਾਇਕ ਸ਼ਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਂਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-


ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70,ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

Type Setting & Designed by :
Rajpreet Singh Khural - 9915545084

# ਸੰਪਾਦਕੀ ਸੰਚਾਰ ਅਤੇ ਪ੍ਰਤੀਕਰਮ

ਮੇਰੇ ਕੁਝ ਮਿੱਤਰ ਬੜੀ ਦੇਰ ਤੋਂ ਸੁਝਾਅ ਦੇ ਰਹੇ ਸਨ ਕਿ ਅੰਮ੍ਰਿਤ ਕੀਰਤਨ ਵਿਚ ਕਰਉ ਬੇਨੰਤੀਆ ਸਿਰਲੇਖ ਹੇਠ ਛਪੀਆਂ ਸੰਪਾਦਕੀਆਂ ਨੂੰ ਪੁਸਤਕ ਰੂਪ ਦੇ ਦਿੱਤਾ ਜਾਵੇ। ਪਰ ਮੇਰਾ ਮਨ ਹੁਣ ਨਵੀਆਂ ਪੁਸਤਕਾਂ ਲਿਖਣ/ਪ੍ਰਕਾਸ਼ਤ ਕਰਨ ਵਿਚ ਰੁਚੀ ਨਹੀਂ ਲੈ ਰਿਹਾ। ਨਾਲ ਹੀ ਮੈਨੂੰ ਜਾਪ ਰਿਹਾ ਹੈ ਕਿ ਮੇਰੇ ਸੰਪਾਦਕੀਆਂ ਰਾਹੀਂ ਵਿਦਵਾਨ ਮਿੱਤਰਾਂ ਦੇ ਆਏ ਪੱਤਰ ਵਧੇਰੇ ਮਹੱਤਵਪੂਰਨ ਹਨ। ਇੰਝ ਇਹ ਸੰਪਾਦਕੀ ਸੰਚਾਰ ਅਤੇ ਪ੍ਰਤੀਕਰਮ ਇਕ ਨਿਵੇਕਲੀ ਜਿਹੀ ਵਿਧਾ ਬਣਦੀ ਜਾਪਦੀ ਹੈ। ਪੇਸ਼ ਹੈ ਅੰਮ੍ਰਿਤ ਕੀਰਤਨ ਦਾ ਪਹਿਲਾ ਸੰਪਾਦਕੀ ਅਤੇ ਉਸ ਦੇ ਪ੍ਰਤੀਕਰਮ ਵਜੋਂ ਆਏ ਕੁਝ ਮਹੱਤਵਪੂਰਨ ਪੱਤਰ। ਇਹ ਪੱਤਰ ਉਘੇ ਵਿਦਵਾਨਾਂ ਦੇ ਹਨ। ਇਹਨਾਂ ਰਾਹੀਂ ਜਿੱਥੇ ਸਾਨੂੰ ਸੇਧਾਂ ਪ੍ਰਾਪਤ ਹੁੰਦੀਆਂ ਹਨ, ਉਥੇ ਉਹਨਾਂ ਦੀ ਦੂਰ-ਦ੍ਰਿਸ਼ਟੀ ਦੇ ਦਰਸ਼ਨ ਵੀ ਹੁੰਦੇ ਹਨ।

ਕਰਉ ਬੇਨੰਤੀਆਂ ਜੂਨ 1989

ਮਨੁੱਖੀ ਜੀਵਨ ਵਿਚ ਸੰਗੀਤ ਦਾ ਬੜਾ ਮਹੱਤਵਪੂਰਨ ਸਥਾਨ ਹੈ। ਗੁਰਬਾਣੀ ਵਿਚ 'ਮਾਤਾ ਕੀ ਅਸੀਸ' ਵੇਲੇ ਹੋਰ ਅਸੀਸਾਂ ਦੇ ਨਾਲ ਨਾਲ 'ਭੋਜਨ ਕੀਰਤਨ ਨੀਤ' ਦੀ ਅਸੀਸ ਵੀ ਦਿੱਤੀ ਜਾਂਦੀ ਹੈ। ਮੈਨੂੰ ਤਾਂ ਇਹ ਅਸੀਸ ਸੰਪੂਰਨ ਰੂਪ ਵਿਚ ਫਲੀਭੂਤ ਹੋਈ ਹੈ। ਮੈਨੂੰ ਜੀਵਨ ਦਾ ਆਧਾਰ ਹੀ ਕੀਰਤਨ ਨੂੰ ਬਣਾਉਣਾ ਪਿਆ ਤੇ ਹੁਣ ਇਹ ਮੇਰੇ ਜੀਵਨ ਦਾ ਅਨਿੱਖੜ ਅੰਗ ਬਣ ਗਿਆ ਹੈ।

ਗੁਰਦੁਆਰਾ ਫਤਹਿਗੜ੍ਹ ਸਾਹਿਬ, ਗੁਰਦੁਆਰਾ ਦੂਖ ਨਿਵਾਰਨ ਸਾਹਿਬ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਹਜ਼ੂਰੀ ਰਾਗੀ ਵਜੋਂ ਨੌਕਰੀ ਕਰਦਾ ਸਾਂ। ਜਦੋਂ ਪਿਤਾ ਜੀ (ਭਾਈ) ਉਤਮ ਸਿੰਘ ਪਤੰਗ ਦਾ ਅਸ਼ੀਰਵਾਦ ਲੈ ਕੇ ਗੁਰਮਤ ਕਾਲਜ ਵਿਚ ਦਾਖਲ ਹੋਇਆ ਤਾਂ ਉਥੇ ਦੀ ਸਿੱਖਿਆ ਨੇ ਮੇਰੇ ਲਈ ਧਰਮ, ਗੁਰਬਾਣੀ ਅਤੇ ਕੀਰਤਨ ਦੇ ਅਰਥ ਬਦਲ ਦਿੱਤੇ। ਕੀਰਤਨ ਮੇਰੇ ਲਈ ਉਪਜੀਵਕਾਂ ਤੋਂ ਕਿਤੇ ਵਡੇਰੀ ਵਸਤੂ ਬਣ ਗਿਆ। ਪ੍ਰਿੰਸੀਪਲ ਸਤਿਬੀਰ ਸਿੰਘ ਹੋਰਾਂ ਦੀ ਸਿੱਖਿਆ ਅਤੇ ਅਸ਼ੀਰਵਾਦ ਸਦਕਾ ਇਸ ਖੇਤਰ ਵਿਚ ਇਕ ਖੋਜੀ ਵਜੋਂ ਪ੍ਰਵੇਸ਼ ਕੀਤਾ। ਗਿਆਨੀ ਲਾਲ ਸਿੰਘ ਹੋਰਾਂ ਨੇ ਤਾਂ ਕੀਰਤਨ ਰਾਹੀਂ ਲੋਕਾਈ ਦੀ ਸੇਵਾ ਕਰਨ ਦਾ ਪ੍ਰਣ ਹੀ ਲੈ ਲਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿਚ ਪ੍ਰਿੰਸੀਪਲ ਗੁਰਬਖਸ਼ ਸਿੰਘ ਸ਼ੇਰਗਿੱਲ ਹੋਰਾਂ ਨੇ ਕੀਰਤਨ ਸੰਬੰਧੀ ਖੋਜ ਕਰਨ ਦੇ ਸਾਧਨ ਮੁਹੱਈਆਂ ਕਰ ਦਿੱਤੇ। ਡਾ. ਸੁਰਿੰਦਰ ਸਿੰਘ ਕੋਹਲੀ ਹੋਰਾਂ ਦੀ ਸੁਚੱਜੀ ਅਗਵਾਈ ਅਤੇ ਕਲੇਰਾਂ ਵਾਲੇ ਸੰਤਾਂ ਦੀ ਸੁਹਿਰਤਾ ਸਦਕਾ ਪੀਐਚ.ਡੀ. ਦਾ ਥੀਸਿਸ (ਗੁਰ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ) ਪੂਰਾ ਹੋਇਆ। ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਡਾ. ਗੋਪਾਲ ਸਿੰਘ ਦਰਦੀ ਅਤੇ ਸ: ਭਰਪੂਰ ਸਿੰਘ ਨੇ ਵੀ ਇਸ ਖੇਤਰ ਵਿਚ ਹੋਰ ਕੰਮ ਕਰਨ ਦਾ ਉਤਸ਼ਾਹ ਦਿੱਤਾ।

ਸ੍ਰ: ਬਰਜਿੰਦਰ ਸਿੰਘ ਨੇ 'ਪੰਜਾਬੀ ਟ੍ਰਿਬਿਊਨ' ਵਿਚ ਕੀਰਤਨੀਆਂ ਬਾਰੇ ਅਧਿਆਤਮਕ ਸੁਰਾਂ ਨਾਂ ਦੀ ਲੇਖ ਲੜੀ ਅਤੇ 'ਅਜੀਤ' ਵਿਚ ਕੀਰਤਨ ਟੇਪਾਂ ਬਾਰੇ ਟਿੱਪਣੀਆਂ ਸ਼ੁਰੂ ਕਰਵਾ ਕੇ ਕੀਰਤਨ ਨੂੰ ਪੱਤਰਕਾਰੀ ਦੇ ਖੇਤਰ ਵਿਚ ਇਕ ਮਹਤਵਪੂਰਨ ਸਥਾਨ ਦਿਵਾਉਣ ਦਾ ਜਤਨ ਕੀਤਾ।

ਇਹਨਾਂ ਲੇਖਾਂ ਨੂੰ ਪੜ੍ਹ ਕੇ, ਅਮਰੀਕਾ ਵਿਚ ਰਹਿੰਦੇ ਸ: ਹਰਜਾਪ ਸਿੰਘ ਔਜਲਾ, ਸ: ਅਰਜੀਤ ਸਿਘ ਮਾਹਲ,

ਸ: ਤੇਜਿੰਦਰਜੀਤ ਸਿੰਘ ਪਸਰੀਚਾ, ਡਾ. ਸੁਖਵਿੰਦਰ ਸਿੰਘ ਸੰਧੂ, ਸ: ਉਦੈ ਸਿੰਘ ਖੜਬੰਦ, ਡਾ. ਮੁਹਿੰਦਰ ਸਿੰਘ ਪੁਆਰ, ਸੁਰਿੰਦ ਕੌਰ ਪੁਆਰ ਆਦਿ ਨੇ ਮੈਨੂੰ ਅਮਰੀਕਾ ਬੁਲਾ ਕੇ ਪਿਆਰ ਸਤਿਕਾਰ ਦਿੱਤਾ। ਹੁਣ ਜਦੋਂ ਵੀ ਕਿਤੇ ਕੀਰਤਨ ਕਰਨ ਜਾਂਦਾ ਹਾਂ ਤਾਂ ਕੀਰਤਨ-ਸਾਹਿਤ ਬਾਰੇ ਮੰਗ ਹੁੰਦੀ ਹੈ। ਇਸ ਮੰਗ ਨੂੰ ਪੂਰਾ ਕਰਨ ਲਈ ਇਸ ਪਰਚੇ ਦਾ ਧਿਆਨ ਆਇਆ। ਕੀਰਤਨ ਦੀ ਲੋਕ ਪ੍ਰਿਯਤਾ ਦਿਨੋ ਦਿਨ ਵਧ ਰਹੀ ਹੈ। ਇਸ ਲਈ ਜ਼ਰੂਰੀ ਹੈ ਕਿ ਕੀਰਤਨੀਆਂ, ਸਰੋਤਿਆਂ ਅਤੇ ਪ੍ਰਬੰਧਕਾਂ ਨੂੰ ਕੀਰਤਨ ਦੇ ਸਾਰੇ ਪੱਖਾਂ ਬਾਰੇ ਜਾਣਕਾਰੀ ਹੋਵੇ। ਇਹ ਜਾਣਕਾਰੀ ਰੱਖਦਿਆਂ ਕੀਰਤਨੀਆਂ ਸੁਚੱਜੀ ਤਰ੍ਹਾਂ ਕੀਰਤਨ ਕਰ ਸਕਦਾ ਹੈ ਅਤੇ ਸਰੋਤਾ ਵਧੇਰੇ ਆਨੰਦ ਮਾਣ ਸਕਦਾ ਹੈ। ਪ੍ਰਬੰਧਕ ਵੀ ਕੀਰਤਨੀਏ ਅਤੇ ਕੀਰਤਨ ਦੀ ਸੰਭਾਲ ਚੰਗੀ ਤਰ੍ਹਾਂ ਕਰਨ ਦੇ ਸਮਰੱਥ ਹੋ ਜਾਂਦੇ ਹਨ।

ਇਸ ਦੇ ਨਾਲ ਨਾਲ ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਸੰਗੀਤ ਦੇ ਵਿਸ਼ੇ ਵਿਚ ਕੀਰਤਨ ਪ੍ਰਣਾਲੀ ਨੂੰ ਮਹੱਤਵਪੂਰਨ ਸਥਾਨ ਦਿੱਤਾ ਜਾ ਰਿਹਾ ਹੈ। ਪਰ ਇਸ ਬਾਰੇ ਸਾਹਿਤ ਦੀ ਘਾਟ ਕਾਰਨ ਵਿਦਿਆਰਥੀਆਂ ਨੂੰ ਔਖ ਹੁੰਦੀ ਹੈ। ਸਾਡੀ ਕੋਸ਼ਿਸ਼ ਹੈ ਕਿ ਅਸੀਂ ਇਹਨਾਂ ਸਾਰੇ ਪੱਖਾਂ ਨੂੰ ਪਰਚੇ ਵਿਚ ਉਜਾਗਰ ਕਰੀਏ।

ਪਰਚੇ ਵਿਚ ਆਮ ਤੌਰ 'ਤੇ ਹੇਠ ਲਿਖੇ ਅਨੁਸਾਰ ਸਮੱਗਰੀ ਪ੍ਰਕਾਸ਼ਤ ਕੀਤੀ ਜਾਇਆ ਕਰੇਗੀ।

ਗੁਰਮਤਿ ਸੰਗੀਤ ਪਰੰਪਰਾ

ੳ. ਵੱਖ ਵੱਖ ਗਾਇਨ ਸ਼ੈਲੀਆਂ

ਅ. ਕੀਰਤਨ ਕਰਨ ਵਾਲਿਆਂ ਦੀਆਂ ਜੀਵਨੀਆਂ

ੲ. ਪ੍ਰਸਿੱਧ ਸੰਗੀਤ-ਘਰਾਣਿਆਂ ਬਾਰੇ

ਸ. ਕੀਰਤਨ-ਸੰਸਥਾਵਾਂ ਬਾਰੇ

ਜਾਣਕਾਰੀ

ੳ. ਸੰਗੀਤਕਾਰਾਂ ਬਾਰੇ

ਅ. ਰਾਗਾਂ ਬਾਰੇ

ੲ. ਸੰਗੀਤ ਸਾਜ਼ਾਂ ਬਾਰੇ

ਸ. ਸੰਗੀਤ ਬਾਰੇ ਪ੍ਰਕਾਸ਼ਤ ਪੁਸਤਕਾਂ ਬਾਰੇ

ਹ. ਸੰਗੀਤ ਕੈਸਟਾਂ ਅਤੇ ਰਿਕਾਰਡਾਂ ਬਾਰੇ

3. ਸੰਗੀਤ ਸਿੱਖਿਆ

ੳ. ਸ਼ਬਦ-ਗਾਇਨ ਵਿਧੀ

ਅ. ਹਾਰਮੋਨੀਅਮ ਸਿੱਖਿਆ

ੲ. ਤਬਲਾ ਸਿੱਖਿਆ

ਸ. ਸ਼ਬਦ ਗਾਇਨ ਸੁਰ ਲਿਪੀ

ਹ. ਸ਼ਬਦ-ਵਿਚਾਰ ਤੇ ਪ੍ਰਮਾਣ

4. ਰਿਪੋਰਟਾਂ ਸੂਚਨਾਵਾਂ

ੳ. ਕੀਰਤਨ ਦਰਬਾਰਾਂ ਬਾਰੇ

ਅ. ਸੰਗੀਤ ਸਮਾਗਮਾਂ ਬਾਰੇ

ਪਰਚਾ ਕੱਢਣਾ ਇਕ ਵਿਅਕਤੀ ਦੀ ਸਮਰੱਥਾ ਤੋਂ ਬਾਹਰ ਹੈ। ਇਸ ਲਈ ਪ੍ਰੋ: ਪਿਆਰਾ ਸਿੰਘ ਮਾਹਲ, ਸ: ਜੀ. ਐੱਸ. ਸੋਬਤੀ ਅਤੇ ਸ: ਐਚ.ਬੀ.ਐਸ. ਚੋਪੜਾ ਦੇ ਜਤਨਾਂ ਸਦਕਾ ਅੰਮ੍ਰਿਤ ਕੀਰਤਨ ਟਰਸਟ ਦੀ ਸਥਾਪਨਾ ਕੀਤੀ ਗਈ। ਮੇਰੀ ਸੁਪਤਨੀ ਕੁਲਵੰਤ ਕੌਰ ਨੇ ਤਾਂ ਟ੍ਰਸਟ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਆਪਣੇ ਨੌਕਰੀ ਤੋਂ ਅਗੇਤੀ ਰਿਟਾਇਰਮੈਂਟ ਲੈਣ ਦਾ ਵਿਚਾਰ ਬਣਾ ਲਿਆ ਹੈ।

ਆਸ ਹੈ ਤੁਹਾਡੇ ਸਹਿਯੋਗ ਅਤੇ ਅਸ਼ੀਰਵਾਦ ਸਦਕਾ ਅਸੀਂ ਹਰ ਮਹੀਨੇ ਤੁਹਾਡੀ ਸੰਗੀਤ ਸਾਹਿਤ ਸੇਵਾ ਕਰਦੇ ਰਹਾਂਗੇ। ਇਸ ਕਰਉ ਬੇਨੰਤੀਆਂ ਦੇ ਪ੍ਰਤੀਕਰਮ ਵਜੋਂ ਜਿਹੜੇ ਪੱਤਰ ਆਏ ਉਹਨਾਂ ਨੂੰ ਜੁਲਾਈ 1989 ਵਿਚ ਪ੍ਰਕਾਸ਼ਤ ਕੀਤਾ ਗਿਆ ਸੀ। ਕੁਝ ਪੱਤਰ ਮੁੜ ਪ੍ਰਕਾਸ਼ਤ ਕਰਕੇ ਇਹਨਾਂ ਪਿਆਰੇ ਅਤੇ ਸਤਿਕਾਰੇ ਵਿਦਵਾਨ ਮਿੱਤਰਾਂ ਨੂੰ ਯਾਦ ਕਰਕੇ ਪ੍ਰੇਰਨਾ ਪ੍ਰਾਪਤ ਕਰ ਰਹੇ ਹਾਂ।

'ਅੰਮ੍ਰਿਤ ਕੀਰਤਨ' ਪ੍ਰਾਪਤ ਹੋਇਆ। ਪਰਚੇ ਨੂੰ ਵਾਚ ਕੇ ਬੜਾ ਆਨੰਦ ਆਇਆ। ਆਪ ਦੀ ਮਿਹਨਤ ਅਤੇ ਲਗਨ ਦੀ ਦਾਦ ਦੇਣੀ ਬਣਦੀ ਹੈ। ਅੱਜ ਕੱਲ੍ਹ ਕਲੇ ਕਾਰੇ ਆਪਣੇ ਸਿਰ 'ਤੇ ਕੋਈ ਮੈਗਜ਼ੀਨ ਕੱਢਣੀ ਸੂਲਾਂ ਦੀ ਸੇਜ ਹੈ।ਪਰ ਤੁਸੀਂ ਬੜੇ ਸਿਰੜੀ ਪੁਰਸ਼ ਹੋ। ਤੁਹਾਨੂੰ ਇਸ ਮੈਗਜ਼ੀਨ ਲਈ ਵਧਾਈ ਦੇਂਦਾ ਹੋਇਆ ਇਸ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ।

ਪਰਚੇ ਵਿਚ ਛਪੇ ਲੇਖਕਾਂ ਬਾਰੇ ਜਾਣਕਾਰੀ ਦਿੱਤੀ ਜਾਇਆ ਕਰੇ। ਇਕ ਹੋਰ ਪਰੰਪਰਾ ਚਾਲੂ ਕਰੋ ਜੋ ਪਿਛਲੀ ਪੀੜ੍ਹੀ ਦੇ ਰਾਗੀਆਂ ਵਿਚ ਸੀ ਤੇ ਅੱਜ ਕੱਲ੍ਹ ਇਹ ਬਿਲਕੁਲ ਅਲੋਪ ਹੁੰਦੀ ਜਾ ਰਹੀ ਹੈ। ਉਹ ਇਹ ਕਿ ਸਿੱਖ ਰਾਗੀ, ਕਮਰਸ਼ੀਅਲ ਨਾ ਬਣ ਜਾਣ। ਜਦੋਂ ਕਿਧਰੋਂ ਬੁਲਾਵਾ ਹੈ, ਉਹ ਆਪਣੀ ਭੇਟਾ ਬਾਰੇ ਬੋਲੀ ਦੇਣ ਵਾਲਿਆਂ ਬੰਦਿਆਂ ਵਾਂਗ ਨਾ ਬਣ ਜਾਣ ਸਗੋਂ ਜੋ ਪ੍ਰਾਪਤ ਹੋ ਜਾਏ, ਉਹ ਗੁਰੂ ਦੀ ਦੇਣ ਸਮਝਣ, ਕਾਰੋਬਾਰੀ ਸੰਸਥਾਵਾਂ ਹੋਰ ਬੜੀਆਂ ਹਨ। ਰਾਗੀ ਕੀਰਤਨੀਏ ਸੰਗੀਤਕਾਰ ਤੇ ਕਵੀ ਲੋਕ ਆਪਣੇ ਆਪ ਨੂੰ ਪੇਸ਼ਾਵਰਾਂ ਤੋਂ ਉਪਰ ਸਮਝਣ। ਫਿਰ ਵੇਖੋ ਗੁਰੂ ਦੀ ਕਿਰਪਾ ਨਾਲ ਮਾਇਆ ਵੱਲੋਂ ਕਿਵੇਂ ਲਹਿਰ ਬਹਿਰ ਹੋ ਜਾਂਦੀ ਹੈ। ਮਾਇਆ ਨਾਗਣੀ ਦੇ ਪਿੱਛੇ ਨੱਠੋ ਤਾਂ ਇਹ ਕੱਟ ਕੇ ਖਾ ਜਾਂਦੀ ਹੈ, ਉਸ ਤੋਂ ਅੱਗੇ ਅੱਗੇ ਰਹੋ ਤਾਂ ਗੁਰੂ ਦੀ ਗੋਲਕ ਵਾਂਗ ਹਰ ਕਲਾਕਾਰ ਦੀਆਂ ਝੋਲੀਆਂ ਭਰ ਜਾਂਦੀਆਂ ਹਨ। ਇਹ ਮੇਰਾ ਆਪਣਾ ਤਜ਼ਰਬਾ ਹੈ।

ਪਿਆਰਾ ਸਿੰਘ ਦਾਤਾ, ਦਿੱਲੀ

ਪੰਜਾਬੀ ਸਾਹਿਤ ਨੇ ਇਕ ਨਵਾਂ ਮੋੜ ਉਸ ਸਮੇਂ ਲਿਆ ਜਦੋਂ ਸੰਗੀਤ ਪ੍ਰੇਮੀਆਂ ਨੂੰ ਆਪਣੀ ਮਾਤ-ਭਾਸ਼ਾ ਦੀ ਸਰਲ ਬੋਲੀ ਵਿਚ ਸੰਗੀਤ ਤੇ ਕੀਰਤਨ ਦਾ ਆਧੁਨਿਕ ਗਿਆਨ 'ਅੰਮ੍ਰਿਤ ਕੀਰਤਨ' ਰਾਹੀਂ ਭਰਪੂਰ ਮਿਲਣ ਲਗ ਪਿਆ।

ਪ੍ਰੋ: ਪਰਮਜੋਤ ਸਿੰਘ ਲੁਧਿਆਣਾ

ਅੰਮ੍ਰਿਤ ਕੀਰਤਨ ਟਰਸਟ ਬਣਾਉਣ ਲਈ ਜੋ ਯਤਨ ਆਪ ਨੇ ਕੀਤਾ ਹੈ, ਇਕ ਸ਼ਲਾਘਾ ਯੋਗ ਉਦਮ ਹੈ। ਸਿੱਖ ਫਲਸਫੇ ਅਤੇ ਅਧਿਆਤਮਕ ਖੇਤਰ ਵਿਚ ਕੀਰਤਨ ਇਕ ਰੂਹ ਹੈ। ਵਰਤਮਾਨ ਸਮੇਂ ਇਹਨਾਂ ਯਤਨਾਂ ਦੀ ਅਤਿ ਜ਼ਰੂਰਤ ਹੈ ਕਿ ਅਸੀਂ ਪੁਰਾਤਨ ਵਿਰਸੇ ਨੂੰ ਸੰਭਾਲ ਸਕੀਏ।

ਭਾਗ ਸਿੰਘ ਅਣਖੀ, ਚੀਫ਼ ਖਾਲਸਾ ਦੀਵਾਨ

ਤੁਸਾਂ ਅੰਮ੍ਰਿਤ ਕੀਰਤਨ ਟਰਸਟ ਕਾਇਮ ਕਰਕੇ ਰਸਾਲੇ ਦਾ ਸ਼ੁਭ ਆਰੰਭ ਕੀਤਾ ਹੈ, ਉਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਅੱਜ ਕੱਲ੍ਹ ਦੇ ਮਹਿੰਗਾਈ ਦੇ ਯੁੱਗ ਵਿਚ ਅਜਿਹਾ ਕਾਰਜ ਕਰਨਾ ਹਿਮਾਲਾ ਦੀ ਚੋਟੀ 'ਤੇ ਚੜ੍ਹਨ ਤੋਂ ਘੱਟ ਨਹੀਂ ਹੈ। ਉਦਮ ਲਈ ਵਧਾਈ।

ਪੇਪਰ ਦਾ ਮੁੱਖ ਕਵਰ ਬਹੁਤ ਖ਼ੂਬਸੂਰਤ ਹੈ। ਤ੍ਰੈ-ਭਾਸ਼ਾਵਾਂ ਵਿਚ ਦਿੱਤੀ ਸਾਮੱਗਰੀ ਵੀ ਠੋਸ ਤੇ ਜਾਣਕਾਰੀ ਭਰਪੂਰ ਹੈ। ਰਾਗਾਂ ਤੇ ਸਾਜ਼ਾਂ ਦੀ ਗੱਲ ਛੋਹ ਕੇ ਜਿਸ ਤਰ੍ਹਾਂ ਤੁਸੀਂ ਤੁਰੇ ਹੋ, ਵਾਹਿਗੁਰੂ ਕਰੇ ਇਹ ਕਾਫਲਾ ਬਣਕੇ ਮੰਜ਼ਿਲੇ ਮਕਸੂਦ ਤੱਕ ਪੁੱਜੇ।

ਸੁਰਜੀਤ ਮਰਜਾਰਾ, ਮੰਡੀ ਗੋਬਿੰਦਗੜ੍ਹ

ਆਪ ਨੇ ਜੋ ਉੱਦਮ ਕਰਕੇ 'ਅੰਮ੍ਰਿਤ ਕੀਰਤਨ' ਮੈਗਜ਼ੀਨ ਸ਼ੁਰੂ ਕੀਤਾ ਹੈ, ਮੇਰੇ ਵੱਲੋਂ ਸ਼ੁਭ ਇੱਛਾਵਾਂ ਤੇ ਅਸੀਸਾਂ ਪ੍ਰਵਾਨ ਕਰਨੀਆਂ। ਵਾਹਿਗੁਰੂ ਦਿਨ ਦੁੱਗਣੀ ਰਾਤ ਚੁੱਗਣੀ ਤਰੱਕੀ ਬਖਸ਼ੇ।

ਮਹਿੰਦਰ ਸਿੰਘ ਨਿਰਮਾਣ ਪੂਨਾ

ਆਪ ਦਾ ਘੱਲਿਆ ਪਰਚਾ 'ਅੰਮ੍ਰਿਤ ਕੀਰਤਨ' ਅਸਾਂ ਹੱਥ ਆਇਆ। ਸੱਚੀ ਗੱਲ ਜਿੰਨੀ ਧੁੰਮ ਸੀ, ਉਨਾ ਦੇ ਨਹੀਂ ਜਚਿਆ, ਮੇਰੀ ਜਾਚੇ ਅਜੇ ਨਵਾਂ ਨਵਾਂ ਹੋਣ ਕਾਰਨ ਕਹਿ ਲਵਾਂ, ਨਾਮ ਤੁੱਲ ਨਹੀਂ ਹੈ, ਹੋ ਜਾਏ ਦੁਆ ਹੈ।

ਇਸ ਵਿਚ ਜੋ ਮੈਨੂੰ ਸਭ ਤੋਂ ਵੱਧ ਆਸਦਾਇਕ ਸ਼ੈਅ ਲੱਗੀ ਹੈ, ਉਹ ਸੀ ਪੁਰਾਤਨ ਰਾਗੀਆਂ, ਰਬਾਬੀਆਂ, ਦਰਬਾਰੀ ਅਤੇ ਅਣਪਹੁੰਚੇ ਰਾਗੀਆਂ, ਗਾਇਕਾਂ, ਢਾਡੀਆਂ, ਸਾਜ਼ਿੰਦਿਆਂ ਤੇ ਅਨਾਮ ਪਏ ਕਲਾਵਾਨਾਂ ਦੀ ਖੋਜ ਤੇ ਜੀਵਨੀ। ਤੁਸਾਂ ਇਸ ਮਹਾਨ ਫੀਚਰ ਨੂੰ ਅਜੇ ਪੂਰਨ ਰੂਪ ਵਿਚ ਨਹੀਂ ਚੁੱਕਿਆ, ਚੱਲੀ ਚੱਲੋ ਜੀ।

ਗਗਨ ਪਾਕਿਸਤਾਨੀ, ਯੂ. ਐੱਸ. ਏ

'ਅੰਮਿਤ ਕੀਰਤਨ' ਸਦਕਾ ਸੰਗੀਤ ਦੇ ਖੇਤਰ ਵਿਚ ਕੋਈ ਖੋਜ ਹੋ ਸਕੇਗੀ। ਚੰਗਾ ਸਾਹਿਤ ਵੀ ਸ਼ਾਇਦ ਉਪਜ ਸਕੇ। ਮੇਰੀ ਅਰਦਾਸ ਹੈ ਤੁਸੀਂ ਆਪਣੇ ਮਿਸ਼ਨ ਵਿਚ ਜ਼ਰੂਰ ਸਫਲ ਹੋਵੋ।

ਗੁਰਦਿਆਲ ਸਿੰਘ ਨਾਵਲਿਸਟ, ਜੈਤੋ

'ਅੰਮ੍ਰਿਤ ਕੀਰਤਨ ਟ੍ਰਸਟ' ਦੀ ਸਥਾਪਨਾ ਤੇ ਮਾਸਕ ਪੱਤਰ ਜਾਰੀ ਕਰਨ ਲਈ ਮੁਬਾਰਕਬਾਦ ਭੇਜਦਾ ਹਾਂ। ਅਕਾਲ ਪੁਰਖ ਇਸ ਉਦਮ ਨੂੰ ਸਫਲਤਾ ਬਖਸ਼ੇ।

ਪ੍ਰਵੇਸ਼ ਅੰਕ ਦੀ ਇਕ ਕਾਪੀ ਪ੍ਰਾਪਤ ਹੋਈ ਹੈ। ਬਹੁਤ ਧੰਨਵਾਦ। ਪਰਚੇ ਦੇ ਉਦੇਸ਼ਾਂ ਵਿਚ ਬਹੁਤ ਕੁਝ ਸ਼ਾਮਲ ਕੀਤਾ ਹੈ। ਇਹ ਇਸ ਦੇ ਭਵਿੱਖ ਦੀ ਸਾਖੀ ਹੈ। ਸਮੱਗਰੀ ਚੰਗੀ ਹੋਵੇਵੀ ਤਾਂ ਸਫਲਤਾ ਯਕੀਨੀ ਹੈ। ਸਭ ਤੋਂ ਉਤਸ਼ਾਹਜਨਕ ਪੱਖ ਇਸ ਟਰਸਟ ਦੇ ਚਲਾਣ ਵਾਲੇ ਪ੍ਰੇਮੀਆਂ ਤੇ ਤੁਹਾਡੀ ਸਵਾਰਥ ਰਹਿਤ ਸੇਵਾ ਭਾਵਨਾ ਹੈ। ਇਸ ਨੂੰ ਨਿਮਰਤਾ ਤੇ ਸਖਤ ਮਿਹਨਤ ਨਾਲ ਨਿਭਾਉ।

ਗੁਰਬਾਣੀ ਕੀਰਤਨ ਉੱਪਰ ਸਿੱਖ ਪੰਥ ਦੀਆਂ ਨੀਹਾਂ ਕਾਇਮ ਹਨ। ਇਹ ਸਾਡਾ ਨਿਵੇਕਲਾ ਤੇ ਅਤਿ ਪ੍ਰਭਾਵਸ਼ਾਲੀ ਵਿਰਸਾ ਹੈ। ਸਿੱਖ ਧਰਮ ਦਾ ਮੁੱਢਲਾ ਪ੍ਰਚਾਰ ਕੀਰਤਨ ਰਾਹੀਂ ਹੋਇਆ। ਇਸ ਨੂੰ ਪੈਸੇ ਦੀ ਖਿੱਚ ਤੋਂ ਬਚਾਅ ਕੇ ਰੱਖਣ ਤੇ ਇਸ ਦੀ ਪਰੰਪਰਾ ਤੇ ਪੱਧਰ ਨੂੰ ਕਾਇਮ ਰੱਖਣ ਲਈ ਸੁਚੇਤ ਹੋਣਾ ਹੈ। ਨਾਮਧਾਰੀ ਸੰਸਥਾ ਇਸ ਸੰਬੰਧੀ ਚੌਕਸ ਹੈ। ਪ੍ਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਅਧੀਨ 65-70 ਰਾਗੀ ਜੱਥੇ ਸੇਵਾ ਕਰ ਰਹੇ ਹਨ ਹਾਲਾਂ ਤੱਕ ਇਕ ਉਚ ਪੱਧਰੀ ਸੰਗੀਤ ਕਾਲਜ ਸਥਾਪਤ ਨਹੀਂ ਕਰ ਸਕੀ। ਪੰਜਾਬ ਦੇ ਸੰਗੀਤਕ ਵਿਰਸੇ ਵਿਚ ਵਿਸ਼ੇਸ਼ ਸਥਾਨ ਗੁਰਮਤਿ ਸੰਗੀਤ ਦਾ ਹੈ। ਪ੍ਰੰਤੂ ਯੂਨੀਵਰਸਿਟੀਆਂ ਵਿਚ ਕੱਲ ਤੱਕ ਇਸ ਦਾ ਨਾਮ ਹੀ ਨਹੀਂ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਹਾਲਾਂ ਤੱਕ ਗੁਰਮਤਿ ਸੰਗੀਤ ਦਾ ਵਿਭਾਗ ਨਹੀਂ ਹੈ। ਕੀਰਤਨ 'ਚੋਂ ਤੰਤੀ ਸਾਜ਼ਾਂ ਦਾ ਅਭਾਵ ਇਸ ਦੇ ਪੱਧਰ ਨੂੰ ਡੇਗ ਰਿਹਾ ਹੈ।

ਪੰਜਾਬ ਦੇ ਪੰਦਰਾਂ ਹਜ਼ਾਰ ਤੋਂ ਵੱਧ ਗੁਰਦੁਆਰਿਆਂ ਵਿਚ ਇਕ ਹਜ਼ਾਰ ਤੋਂ ਵੱਧ ਛੋਟੇ ਵੱਡੇ ਕੀਰਤਨੀ ਜੱਥੇ ਹੋਣਗੇ। ਇਹਨਾਂ ਦਾ ਬੁਨਿਆਦੀ ਪੱਧਰ ਬਣਾਉਣ ਲਈ ਕੋਈ ਸੰਥਥਾ ਨਹੀਂ। ਚੀਫ ਖਾਲਸਾ ਦੀਵਾਨ ਦੇ ਯਤੀਨਖਾਨਾ ਦੇ ਸੰਗੀਤ ਵਿੱਦਿਆਲਾ ਨੇ ਪਹਿਲੇ ਸਮੇਂ ਵਿਚ ਬੜੇ ਉੱਚ ਪੱਧਰ ਦੇ ਰਾਗੀ ਪੈਦਾ ਕੀਤੇ ਹਨ। ਵਰਤਮਾਨ ਬਾਰੇ ਕੋਈ ਬਹੁਤਾ ਨਹੀਂ ਕਹਿ ਸਕਦਾ।

ਤੁਹਾਡੀ ਵਿਸ਼ੇ ਸੂਚੀ ਤੇ ਤਰਤੀਬ ਸ਼ਲਾਘਾਯੋਗ ਹੈ। ਸਾਈਜ਼ ਸੋਹਣਾ ਹੈ ਪ੍ਰੰਤੂ ਇਸ ਨੂੰ ਬਹੁ-ਭਾਸ਼ੀ ਕਿਉਂ ਬਣਾਇਆ? ਅੰਗਰੇਜ਼ੀ ਆਰਟੀਕਲ ਵਿਦਵਤਾ ਤੇ ਖੋਜ ਦੀ ਝਲਕ ਦਿੰਦਾ ਹੈ।

ਰਾਗੀਆਂ ਬਾਰੇ ਤੁਸੀਂ ਬੜੀ ਵਿਸਥਾਰਪੂਰਬਕ ਜਾਣਕਾਰੀ ਮੰਗੀ ਹੈ। ਆਪ ਕੇਵਲ ਉਹਨਾਂ ਪ੍ਰਸਿੱਧ ਗੁਰਮੁਖ ਪਾਠੀਆਂ ਰਾਗੀਆਂ ਨੂੰ ਪਾਠਕਾਂ ਦੇ ਪੇਸ਼ ਕਰੋ ਜਿਹਨਾਂ ਪਾਸ ਉੱਚ ਪੱਧਰੀ ਸੰਗੀਤਕ ਯੋਗਤਾ ਤੇ ਭਰਪੂਰ ਸਿੱਖੀ ਜੀਵਨ ਹੈ। ਇਸ ਪ੍ਰਾਪਤ ਹੋਈ ਜਾਣਕਾਰੀ ਨੂੰ ਰਾਗੀਆਂ ਦੀ ਡਾਇਰੈਕਟਰੀ ਬਨਣਾਉਣ ਲਈ ਵਰਤੋ।

ਟਾਈਟਲ ਦੇ ਦੂਜੇ ਪਾਸੇ ਛਪਿਆ ਲੇਖ ਉਥੇ ਨਹੀਂ ਸੀ ਚਾਹੀਦਾ। ਟ੍ਰਸਟ ਦੀ ਸਹਾਇਤਾ ਦਾ ਯਤਨ ਕਰਾਂਗਾ।

ਜੋਧ ਸਿੰਘ, ਆਲ ਇੰਡੀਆ, ਰੇਡੀਓ, ਜਲੰਧਰ

'ਅੰਮ੍ਰਿਤ ਕੀਰਤਨ' ਪੜ੍ਹਿਆ। ਦਿੱਖ ਬੜੀ ਸੁਹਣੀ ਲੱਗੀ। ਟਾਈਟਲ ਬੜਾ ਪਸੰਦ ਆਇਆ। ਲੇਖ ਵਧੀਆ ਹਨ। ਮੈਂ ਵੀ ਕਿਸੇ ਵਿਸ਼ੇ 'ਤੇ ਲਿਖਾਂਗਾ।

ਡਾ. ਗੁਰਮੁਖ ਸਿੰਘ, ਪਟਿਆਲਾ

ਆਪ ਦੀ ਨਿਗਰਾਨੀ ਹੇਠ 'ਅੰਮ੍ਰਿਤ ਕੀਰਤਨ' ਮਾਸਿਕ ਪੱਤਰ ਦਾ ਨਿਰਮਾਣ ਹੋ ਰਿਹਾ ਹੈ। ਗੁਰਮਤਿ ਸੰਗੀਤ ਜਗਤ ਵਿਚ ਇਸ ਦੀ ਤੀਬਰ ਆਵੱਸ਼ਕਤਾ ਸੀ। ਇਸ ਕਾਰਜ ਸਿੱਧੀ ਲਈ ਮੈਂ ਆਪ ਜੀ ਨੂੰ ਹਾਰਦਿਕ ਸਹਿਯੋਗ, ਸ਼ੁਭ ਇੱਛਾਵਾਂ ਅਤੇ ਵਧਾਈਆਂ ਭੇਜਣ ਦਾ ਉੱਤਮ ਅਵਸਰ ਪ੍ਰਾਪਤ ਕਰਦੀ ਹਾਂ।

ਬਲਜੀਤ ਕੌਰ ਤੁਲਸੀ, ਚੰਡੀਗੜ੍ਹ

ਇਕ ਮਾਸਿਕ ਪੱਤਰ ਦੇ ਰੂਪ ਵਿਚ ਗੁਰਮਤਿ ਸੰਗੀਤ ਦੇ ਅੱਡੋ-ਅੱਡ ਪੱਖਾਂ ਨੂੰ ਉਤਸ਼ਾਹਤ ਕਰਨ ਲਈ ਅਤੇ ਇਹ ਨਰੋਆ ਅਧਿਆਤਮਕ-ਸੰਗੀਤਕ ਪਰਚਾ ਚਲਾਉਣ ਹਿੱਤ ਤੁਸੀਂ ਜੋ ਉਪਰਾਲਾ ਕਰ ਰਹੇ ਹੋ, ਉਹ ਬਹੁਤ ਹੀ ਸਲਾਹੁਣਯੋਗ ਹੈ। ਅਜਿਹੇ ਉਦਮ ਨਾਲ ਖਾਸ ਕਰਕੇ ਨੌਜੁਆਨ ਪੀੜ੍ਹੀ ਵਿਚ ਗੁਰਮਤਿ ਗਿਆਨ ਦਾ ਸੰਚਾਰ ਹੋ ਸਕੇਗਾ- ਜਿਸ ਦੀ ਕਿ ਇਸ ਵੇਲੇ ਸਖਤ ਲੋੜ ਹੈ।

ਬਲਜੀਤ ਸਿੰਘ ਬੱਲੀ, ਐਡੀਟਰ ਜਾਗ੍ਰਿਤੀ ਚੰਡੀਗੜ੍ਹ

ਗੁਰਬਾਣੀ ਦਾ ਕੀਰਤਨ ਸ਼ਬਦ ਰੂਪ ਵਿਚ ਉਹਨਾਂ ਰਾਗਾਂ ਦੇ ਘਰਾਂ ਵਿਚ ਹੋਣ ਦੀ ਰੀਤ ਤੋਰਨ ਦੀ ਅਵੱਸ਼ਕਤਾ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਖ ਦਰਜ ਹਨ ਤਾਂ ਜੋ ਗੁਰੂ ਅਰਜਨ ਦੇਵ ਜੀ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕੀਏ।

ਅਵਤਾਰ ਸਿੰਘ ਆਜ਼ਾਦ, ਰਾਂਚੀ

ਅੰਮ੍ਰਿਤ ਕੀਰਤਨ ਦੀ ਪ੍ਰਕਾਸ਼ਨਾਂ ਲਈ ਆਪ ਦਾ ਯਤਨ ਵਧੀਆ, ਉਦਮ ਸ਼ਲਾਘਾਯੋਗ ਹੈ।

ਭਾਈ ਅਮਰੀਕ ਸਿੰਘ ਜ਼ਖਮੀ ਰਾਗੀ, ਜਲੰਧਰ

I am glad to note the activities of the Trust. I send you my regards and wish you all success.

Dr. Inderjit Singh FCA, Chandigarh

ਮੈਨੂੰ ਇਹ ਜਾਣ ਕੇ ਹਾਰਦਿਕ ਖੁਸ਼ੀ ਹੋਈ ਹੈ ਕਿ ਅੰਮ੍ਰਿਤ ਕੀਰਤਨ ਟ੍ਰਸਟ ਵੱਲੋਂ 'ਅੰਮ੍ਰਿਤ ਕੀਰਤਨ' ਦੇ ਨਾਮ ਹੇਠ ਇਕ ਮਾਸਿਕ ਪੱਤਰ ਆਰੰਭ ਕੀਤਾ ਜਾ ਰਿਹਾ ਹੈ, ਜਿਸ ਵਿਚ ਸੰਗਤਾਂ ਦੀ ਜਾਣਕਾਰੀ ਲਈ ਗੁਰਮਤਿ ਸੰਗੀਤ ਪ੍ਰੰਪਰਾ, ਸੰਗੀਤਕਾਰ, ਰਾਗਾਂ ਅਤੇ ਸਾਜ਼ਾਂ ਬਾਰੇ ਜਾਣਕਾਰੀ ਅਤੇ ਸੰਗੀਤ ਸਿੱਖਿਆ ਬਾਰੇ ਭਰਪੂਰ ਵਾਕਫੀਅਤ ਦਰਜ ਹੋਵੇਗੀ। ਗੁਰੂ ਸਾਹਿਬਾਨ ਦਾ ਫੁਰਮਾਨ ਹੈ 'ਕਲਜੁਗ ਮਹਿ ਕੀਰਤਨ ਪ੍ਰਧਾਨਾ' ਇਸ ਮਹਾਵਾਕ ਅਨੁਸਾਰ ਅੰਮ੍ਰਿਤ ਕੀਰਤਨ ਪਰਚਾ ਸਿੱਖ ਧਰਮ ਦੇ ਪ੍ਰਚਾਰ ਲਈ ਵਡਮੁੱਲਾ ਯੋਗਦਾਨ ਪਾਵੇਗਾ ਅਤੇ ਆਪ ਜੈਸੇ ਗੁਰੂ ਘਰ ਦੇ ਪ੍ਰੇਮੀ ਸੱਜਣਾ ਲਈ ਸ਼ਲਾਘਾ ਦਾ ਕਾਰਨ ਬਣੇਗਾ। ਅੱਜ ਕੱਲ੍ਹ ਦੇ ਸਮੇਂ ਵਿਚ ਰਾਗ ਵਿੱਦਿਆ, ਗੁਰਬਾਣੀ ਸੰਗੀਤ ਅਤੇ ਗੁਰਬਾਣੀ ਗਾਇਨ ਵੱਲ ਸੰਗਤਾਂ ਦਾ ਉਚੇਚਾ ਧਿਆਨ ਦਿਵਾਉਣ ਨਿਹਾਇਤ ਜ਼ਰੂਰੀ ਹੈ ਅਤੇ ਮੈਂ ਸੋਚਦਾ ਹਾ ਕਿ ਇਹ ਸਿੱਖ ਪੰਥ ਦੀ ਸਭ ਤੋਂ ਵੱਡੀ ਸੇਵਾ ਸਾਬਤ ਹੋਵੇਗੀ।

ਸਤਿਗੁਰ ਪਾਸ ਅਰਦਾਸ ਹੈ ਕਿ ਆਪ ਦੇ ਯਤਨਾਂ ਨਾਲ ਆਰੰਭ ਕੀਤਾ ਜਾ ਰਿਹਾ ਇਹ ਪਰਚਾ ਸਿੱਖ ਜਗਤ ਵਿਚ ਮੀਲ ਪੱਥਰ ਸਾਬਤ ਹੋਵੇ ਅਤੇ ਆਪ ਨੂੰ ਇਸੇ ਤਰ੍ਹਾਂ ਸਿੱਖ ਪੰਥ ਦੀ ਸੇਵਾ ਕਰਨ ਦਾ ਬਲ ਬਖਸ਼ਣ।

ਮਨਜੀਤ ਸਿੰਘ ਕਲਕੱਤਾ

# ਗੁਰਮਤਿ ਸੰਗੀਤ ਵਿਚ ਰਾਗ ਮਾਲੀ ਗਉੜਾ ਅਤੇ ਤੁਖਾਰੀ

ਡਾ. ਗੁਰਨਾਮ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕੱਤੀ ਮੁੱਖ ਰਾਗਾਂ ਦੀ ਤਰਤੀਬ ਅਧੀਨ ਮਾਲੀ ਗਉੜਾ ਰਾਗ ਨੂੰ ਵੀਹਵੇਂ ਸਥਾਨ 'ਤੇ ਅੰਕਿਤ ਕੀਤਾ ਗਿਆ ਹੈ। ਭਾਰਤੀ ਸੰਗੀਤ ਵਿਚ ਇਸ ਨੂੰ ਮਾਲੀ ਗੌਰਾ ਨਾਮ ਨਾਲ ਜਾਣਿਆ ਜਾਂਦਾ ਹੈ ਪਰੰਤੂ ਗੁਰਮਤਿ ਸੰਗੀਤ ਵਿਚ ਇਸ ਨੂੰ ਮਾਲੀ ਗਉੜਾ ਨਾਮ ਨਾਲ ਹੀ ਅੰਕਿਤ ਕੀਤਾ ਗਿਆ ਹੈ। ਭਾਰਤੀ ਰਾਗ ਪਰੰਪਰਾ ਵਿਚ ਰਾਗ ਮਾਲੀ ਗਉੜਾ ਗਾਇਨ ਵਾਦਨ ਵਿਚ ਵਧੇਰੇ ਪ੍ਰਚਲਿਤ ਨਹੀਂ। ਕੁਝ ਵਿਦਵਾਨਾਂ ਨੇ ਮਾਲੀ ਗਉੜਾ ਰਾਗ ਨੂੰ ਮਾਲਵ ਗੌੜ ਦਾ ਅਪਭ੍ਰੰਸ਼ ਰੂਪ ਮੰਨਿਆ ਹੈ। ਇਸ ਰਾਗ ਨੂੰ ਗਾਇਨ ਵਾਦਨ ਦੇ ਪੱਖ ਤੋਂ ਕਠਿਨ ਰਾਗਾਂ ਦੀ ਸ਼੍ਰੇਣੀ ਵਿਚ ਰਖਿਆ ਗਿਆ ਹੈ।

ਰਾਗ ਮਾਲੀ ਗਉੜਾ ਦੇ ਅੰਤਰਗਤ ਸ੍ਰੀ ਗੁਰੂ ਰਾਮਦਾਸ ਜੀ ਛੇ ਪਦੇ, ਸ੍ਰੀ ਗੁਰੂ ਅਰਜਨ ਦੇਵ ਜੀ ਅੱਠ ਪਦੇ ਅਤੇ ਭਗਤ ਨਾਮਦੇਵ ਦੇ ਤਿੰਨ ਪਦੇ ਬਾਣੀ ਰੂਪ ਵਿਚ ਦਰਜ ਹਨ।

ਸ੍ਰੀ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਵਿਖੇ 'ਚਰਨ ਕਮਲ ਦੀ ਤੀਜੀ ਚੌਕੀ' ਉਪਰਾਂਤ ਚੌਥੇ ਪਹਿਰ ਵਿਚ 'ਸੋਦਰੁ ਦੀ ਪਹਿਲੀ ਚੌਕੀ' ਅਤੇ 'ਸੋਦਰੁ ਦੀ ਦੂਸਰੀ ਚੌਕੀ' ਸਮੇਂ ਰਾਗ ਮਾਲੀ ਗਉੜਾ ਦਾ ਗਾਇਨ ਵੀ ਕੀਤਾ ਜਾਂਦਾ ਹੈ।

ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਆਚਾਰੀਆਂ ਨੇ ਮਾਲੀ ਗਉੜਾ ਰਾਗ ਨੂੰ ਮਾਰਵਾ ਥਾਟ ਦੇ ਅੰਤਰਗਤ ਰੱਖਿਆ ਹੈ। ਇਸ ਰਾਗ ਦਾ ਨਿਰਮਾਣ ਪੂਰੀਆ ਅਤੇ ਸ੍ਰੀ ਰਾਗ ਦੇ ਮਿਸ਼ਰਣ ਦੁਆਰਾ ਹੋਇਆ ਮੰਨਿਆ ਗਿਆ ਹੈ। ਇਸ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਦੋਵੇਂ ਧੈਵਤ ਵਰਤੇ ਜਾਂਦੇ ਹਨ। ਇਸ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਸੁਰ ਨੂੰ ਮੰਨਿਆ ਗਿਆ ਹੈ। ਇਸ ਰਾਗ ਦੀ ਜਾਤੀ ਸੰਪੂਰਨ ਮੰਨੀ ਗਈ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਦਾ ਆਰੋਹ : ਸ਼ੜਜ ਰਿਸ਼ਭ (ਕੋਮਲ), ਸ਼ੜਜ, ਨਿਸ਼ਾਦ (ਮੰਦਰ ਸਪਤਕ) ਧੈਵਤ (ਮੰਦਰ ਸਪਤਕ) ਨਿਸ਼ਾਦ (ਮੰਦਰ ਸਪਤਕ) ਰਿਸ਼ਭ (ਕੋਮਲ) ਗੰਧਾਰ ਮਧਿਅਮ (ਤੀਵਰ) ਪੰਚਮ, ਮਧਿਅਮ (ਤੀਵਰ) ਧੈਵਤ ਨਿਸ਼ਾਦ ਧੈਵਤ ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਮੰਦਰ ਸਪਤਕ) ਨਿਸ਼ਾਦ ਧੈਵਤ (ਕੋਮਲ) ਪੰਚਮ, ਮਧਿਅਮ (ਤੀਵਰ) ਨਿਸ਼ਾਦ ਧੈਵਤ ਮਧਿਅਮ (ਤੀਵਰ) ਗੰਧਾਰ ਰਿਸ਼ਭ (ਕੋਮਲ), ਸ਼ੜਜ ਹੈ।

ਰਾਗ ਤੁਖਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਕ੍ਰਮ ਵਿਚ ਬਾਈਵੇਂ ਸਥਾਨ ਤੇ ਪੰਨਾ ੧੧੦੭ 'ਤੇ ਦਰਜ

ਹੈ। ਇਹ ਪੰਜਾਬ ਦੀ ਸੰਗੀਤ ਪਰੰਪਰਾ ਦਾ ਵਿਸ਼ੇਸ਼ ਰਾਗ ਹੈ ਜਿਸ ਦਾ ਵਰਨਣ ਮੱਧਕਾਲੀਨ ਧਾਰਮਿਕ ਗ੍ਰੰਥਾਂ ਵਿਚੋਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਮਿਲਦਾ ਹੈ। ਤੁਖਾਰੀ ਰਾਗ ਗੁਰਮਤਿ ਸੰਗੀਤ ਪੱਧਤੀ ਦਾ ਮੌਲਿਕ ਰਾਗ ਹੈ। ਇਸ ਰਾਗ ਦਾ ਉਲੇਖ ਭਾਰਤੀ ਸੰਗੀਤ ਦੀ ਸਿਧਾਂਤਕ ਤੇ ਕਿਰਿਆਤਮਕ ਸੰਗੀਤ ਪੰਰਪਰਾ ਵਿਚ ਨਹੀਂ ਮਿਲਦਾ। ਪੁਰਾਤਨ ਲਿਖਤਾਂ ਵਿਚ ਇਹ ਮਿਲਦਾ ਹੈ ਕਿ ਹਿਮਾਲਯ ਪਰਬਤ ਉਤਰ-ਪੱਛਮ ਦਾ ਇਲਾਕਾ ਤੁਸ਼ਾਰ ਜਾ ਤੁਖਾਰ ਕਹਾਉਂਦਾ ਹੈ। ਇਸ ਲਈ ਇਹ ਸੰਭਵ ਹੈ ਕਿ ਇਸ ਇਲਾਕੇ ਵਿਚ ਪ੍ਰਯੁਕਤ ਧੁਨੀ ਤੋਂ ਹੀ ਤੁਖਾਰੀ ਰਾਗ ਦੀ ਉਤਪਤੀ ਹੋਈ ਹੋਵੇ। ਤੁਸ਼ਾਰ ਦੀ ਤੁਖਾਰ ਖਿੱਤੇ ਦੀ ਸੰਗੀਤ ਪਰੰਪਰਾ ਤੋਂ ਰਾਗ ਤੁਖਾਰੀ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਬਾਰਾਮਾਹ ਬਾਣੀ ਰਚਨਾ ਵਿਸ਼ੇਸ਼ ਹੈ।

ਇਸ ਤੋਂ ਬਿਨਾਂ ਗੁਰੂ ਨਾਨਕ ਦੇਵ ਜੀ ਦੇ ਛੇ ਛੰਤ ਬਾਰਹਮਾਹਾ ਦੇ ਅੰਤਰਗਤ, ਗੁਰੂ ਰਾਮਦਾਸ ਜੀ ਦੇ ਚਾਰ ਛੰਤ ਅਤੇ ਗੁਰੂ ਅਰਜਨ ਦੇਵ ਜੀ ਦਾ ਇਕ ਛੰਤ ਪਦ ਰਚਨਾਵਾਂ ਬਾਣੀ ਰੂਪ ਵਿਚ ਅੰਕਿਤ ਹਨ।

ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਰਾਗ ਦੇ ਇਕ ਤੋਂ ਵਧੀਕ ਕਈ ਸਰੂਪ ਮਿਲਦੇ ਹਨ। ਕੁਝ ਵਿਦਵਾਨਾਂ ਨੇ ਇਸ ਰਾਗ ਦੀ ਉਤਪਤੀ ਟੋਡੀ, ਭੈਰਵ ਅਤੇ ਰਾਮਕਲੀ ਤੋਂ ਮੰਨੀ ਹੈ। ਜਿਸ ਅਧੀਨ ਇਸ ਰਾਗ ਵਿਚ ਵਾਦੀ ਰਿਸ਼ਭ, ਸੰਵਾਦੀ ਪੰਚਮ ਮੰਨਿਆ ਗਿਆ ਹੈ। ਰਿਸ਼ਭ ਕੋਮਲ, ਗੰਧਾਰ ਅਤੇ ਮਧਿਅਮ ਦੋਵੇਂ ਅਤੇ ਬਾਕੀ ਸੁਰ ਸ਼ੁੱਧ ਮੰਨੇ ਹਨ।

ਗੁਰਮਤਿ ਸੰਗੀਤ ਦੇ ਪ੍ਰਮੁਖ ਵਿਦਵਾਨ ਪ੍ਰੋ. ਤਾਰਾ ਸਿੰਘ ਅਨੁਸਾਰ ਤੁਖਾਰੀ ਰਾਗ ਦੇ ਤਿੰਨ ਸਰੂਪ ਟੋਡੀ ਜਾਂ ਖਮਾਜ ਥਾਟ ਦੇ ਅੰਤਰਗਤ, ਦੱਖਣੀ ਭਾਰਤੀ ਸੰਗੀਤ ਦੇ ਥਾਟ ਧਰਮਵਤੀ ਦੇ ਅੰਤਰਗਤ ਅਤੇ ਪੂਰਵੀ ਥਾਟ ਦੇ ਅਧੀਨ ਮੰਨੇ ਹਨ। ਪਹਿਲੇ ਪ੍ਰਕਾਰ ਅਧੀਨ ਇਸ ਵਿਚ ਦੋਵੇਂ ਮਧਿਅਮ, ਦੋਨੋਂ ਨਿਸ਼ਾਦ, ਗੰਧਾਰ, ਕੋਮਲ ਅਤੇ ਬਾਕੀ ਸ਼ੁੱਧ ਸੁਰ ਵਰਤੇ ਜਾਂਦੇ ਹਨ। ਇਸ ਵਿਚ ਵਾਦੀ-ਸੰਵਾਦੀ, ਪੰਚਮ ਅਤੇ ਸ਼ੜਜ ਨੂੰ ਮੰਨਿਆ ਗਿਆ ਹੈ। ਗਾਇਨ-ਵਾਦਨ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਦੀ ਜਾਤੀ ਔੜਵ-ਸੰਪੂਰਨ ਮੰਨੀ ਗਈ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਇਸ ਰਾਗ ਦਾ ਦੂਸਰਾ ਸਰੂਪ ਆਧੁਨਿਕ ਸਮੇਂ ਵਿਚ ਪ੍ਰਚਲਿਤ ਨਹੀਂ ਹੈ।

ਤੁਖਾਰੀ ਰਾਗ ਦਾ ਤੀਸਰਾ ਸਰੂਪ ਪੂਰਵੀ ਥਾਟ ਦੇ ਅੰਤਰਗਤ ਮੰਨਿਆ ਹੈ ਜਿਸ ਵਿਚ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸ਼ੁੱਧ ਸੁਰ ਵਰਤੇ ਜਾਂਦੇ ਹਨ। ਇਸ ਦਾ ਵਾਦੀ ਧੈਵਤ ਅਤੇ ਸੰਵਾਦੀ ਰਿਸ਼ਭ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਸਵੇਰ ਦਾ ਸੰਧੀ ਪ੍ਰਕਾਸ਼ ਮੰਨਿਆ ਗਿਆ ਹੈ।

ਭਾਈ ਕਾਨ੍ਹ ਸਿੰਘ ਨਾਭਾ ਰਾਗ ਤੁਖਾਰੀ ਦੇ ਸਬੰਧ ਵਿਚ ਲਿਖਦੇ ਹਨ, ਸੰਪੂਰਨ ਜਾਤੀ ਦੀ ਰਾਗਣੀ ਜਿਸ ਦਾ ਗ੍ਰਹਿ ਸੁਰ ਸ਼ੜਜ, ਵਾਦੀ ਰਿਸ਼ਭ, ਸੰਵਾਦੀ ਪੰਚਮ, ਗਾਉਣ ਸਮਾਂ ਚਾਰ ਘੜੀ ਦਿਨ ਚੜ੍ਹੇ ਹੈ। ਇਸ ਵਿਚ ਦੋਵੇਂ ਗੰਧਾਰ ਅਤੇ ਦੋਵੇਂ ਮਧਿਅਮ ਵਰਤੇ ਜਾਂਦੇ ਹਨ। ਇਸ ਤੋਂ ਇਲਾਵਾ ਇਸ ਦਾ ਵਾਦੀ ਸੁਰ ਮਧਿਅਮ, ਸੰਵਾਦੀ ਸ਼ੜਜ ਹੈ।

ਰਾਗ ਨਿਰਣਾਇਕ ਕਮੇਟੀ ਅਤੇ ਸਿੱਖ ਮਿਊਜ਼ੀਕਾਲੋਜੀ ਵਿਚ ਤੁਖਾਰੀ ਰਾਗ ਦੇ ਇਸੇ ਸਰਬਪ੍ਰਮਾਣਿਤ ਇਸੇ ਸਰੂਪ ਨੂੰ ਸਵੀਕਾਰਿਆ ਹੈ। ਇਸ ਵਿਚ ਗੰਧਾਰ ਕੋਮਲ, ਦੋਵੇਂ ਨਿਸ਼ਾਦ, ਤੀਬਰ

ਮਧਿਅਮ ਅਤੇ ਬਾਕੀ ਸ਼ੁੱਧ ਸੁਰ ਵਰਤੇ ਜਾਂਦੇ ਹਨ। ਇਸ ਦਾ ਵਾਦੀ-ਸੰਵਾਦੀ ਪੰਚਮ-ਸ਼ੜਜ਼ ਮੰਨਿਆ ਗਿਆ ਹੈ। ਇਸ ਦੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਹੋਣ ਕਰਕੇ ਜਾਤੀ ਔੜਵ-ਸੰਪੂਰਨ ਬਣਦੀ ਹੈ। ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਮੰਨਿਆ ਗਿਆ ਹੈ। ਇਸ ਰਾਗ ਦਾ ਸਮਪ੍ਰਕ੍ਰਿਤਕ ਰਾਗ ਮਧੂਵੰਤੀ ਹੈ। ਜਿਸ ਵਿਚ ਕੋਮਲ ਨਿਸ਼ਾਦ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਦਾ ਆਰੋਹ ਨਿਸ਼ਾਦ (ਮੰਦਰ ਸਪਤਕ) ਸ਼ੜਜ, ਗੰਧਾਰ (ਕੋਮਲ) ਮਧਿਅਮ (ਤੀਵਰ) ਪੰਚਮ, ਨਿਸ਼ਾਦ ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਧੈਵਤ ਪੰਚਮ, ਨਿਸ਼ਾਦ (ਕੋਮਲ) ਧੈਵਤ ਪੰਚਮ, ਮਧਿਅਮ ਤੀਵਰ ਗੰਧਾਰ (ਕੋਮਲ), ਰਿਸ਼ਭ ਸ਼ੜਜ ਹੈ।

ਵੀਹਵੀਂ ਸਦੀ ਦੀਆਂ ਸਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਵਾਚੀਏ ਤਾਂ ਇਹਨਾਂ ਰਾਗਾਂ ਵਿਚ ਸ. ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰਸੀਪਲ ਦਿਆਲ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ (ਲੇਖਕ), ਉਸਤਾਦ ਸੁਰਜੀਤ ਸਿੰਘ, ਜਸਵੰਤ ਸਿੰਘ ਤੀਬਰ, ਪ੍ਰੋ. ਪਰਮਜੋਤ ਸਿੰਘ, ਸ. ਹਰਮਿੰਦਰ ਸਿੰਘ ਆਦਿ ਨੇ ਸੰਗੀਤਕਾਰਾਂ ਨੇ ਕੀਰਤਨ ਰਚਨਾਵਾਂ ਨੂੰ ਸੁਰਲਿਪੀ-ਬੱਧ ਕੀਤਾ।

ਉਕਤ ਰਾਗਾਂ ਨੂੰ ਗੁਰਮਤਿ ਸੰਗੀਤ ਪਰੰਪਰਾ ਦੇ ਸੰਗੀਤਕਾਰ ਤੇ ਕੀਰਤਨਕਾਰਾਂ ਨੇ ਆਪਣੇ-ਆਪਣੇ ਅੰਦਾਜ ਵਿੱਚ ਬਾਖੂਬੀ ਗਾਇਆ ਹੈ, ਜਿਹਨਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com, www.sikh-relics.com, www.vismaadnaad.org ਅਤੇ www.jawadditaksal.org ਵੈਬ ਸਾਈਟਸ 'ਤੇ ਸੁਣ ਸਕਦੇ ਹਾਂ।

ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop

THE AROMA

Premium Event Centre
Millennium Centre
Deliberations
Abhinandan
Exporama
Mind Set
Art Craft

Sector: 22 - C, Chandigarh,
Ph.: 2700045-48 Fax : 0172-2700051
E-mail : hotelaroma@glide.net.in
Website : www.hotelaroma.com

# ਬਾਣੀ ਆਸਾ ਦੀ ਵਾਰ ਦਾ ਨੈਤਿਕ ਸਰੋਕਾਰ

ਡਾ. ਜਸਕਿਰਨ ਕੌਰ

ਗੁਰੂ ਨਾਨਕ ਦੇਵ ਜੀ ਦਾ ਆਗਮਨ ਪੰਜਾਬ ਦੇ ਇਤਿਹਾਸ ਵਿੱਚ ਖਾਸ ਕਰਕੇ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਇੱਕ ਮੀਲ-ਪੱਥਰ ਵਾਂਗ ਹੈ ਜੋ ਬਹੁ-ਪੱਖੀ ਖੋਜ ਦਾ ਪ੍ਰੇਰਣਾ ਸਰੋਤ ਰਿਹਾ ਹੈ ਅਤੇ ਰਹੇਗਾ । ਗੁਰੂ ਸਾਹਿਬ ਜੀ ਦਾ ਸਮੁੱਚਾ ਜੀਵਨ ਇੱਕ ਸਾਹਿਤਕ ਪ੍ਰਵਾਹ ਸੀ। ਉਹਨਾਂ ਦੀ ਰਚਨਾ ਦਾ ਮੂਲ ਉਦੇਸ਼ ਸਾਮੂਹਿਕ ਕਲਿਆਣ ਲਈ ਸਮੂਹਿਕ ਅਭਿਵਿਅਕਤੀ ਰਿਹਾ ਹੈ। ਇਹਨਾਂ ਦੇ ਅੰਤਰ-ਆਤਮੇ ਵਿੱਚੋਂ ਸਾਹਿਤ ਦੀ ਅੰਮ੍ਰਿਤ-ਧਾਰਾ ਲਗਭਗ ਸੱਤ ਸਾਲ ਦੀ ਉਮਰ ਵਿੱਚ ਹੀ ਇੱਕ ਨਿਰਮਲ ਸੋਮੇ ਵਾਂਗ ਫੁੱਟ ਨਿਕਲੀ ਸੀ । ਇਹ ਨਿਰਮਲ ਧਾਰਾ ਲਗਾਤਾਰ 63 ਸਾਲ ਤੱਕ ਚੱਲਦੀ ਰਹੀ । ਇਸ ਸਮੇਂ ਵਿੱਚ ਜਪੁ, ਸਿੱਧ ਗੋਸ਼ਟਿ, ਦੱਖਣੀ ਉਅੰਕਾਰ, ਆਸਾ ਦੀ ਵਾਰ, ਮਾਝ ਦੀ ਵਾਰ, ਮਲਾਰ ਦੀ ਵਾਰ, ਪੱਟੀ ਅਤੇ ਬਾਰਹ ਮਾਹਾ ਤੁਖਾਰੀ ਆਦਿ ਲੰਮੀਆਂ ਰਚਨਾਵਾਂ ਅਤੇ ਕੁੱਲ 958 ਸ਼ਬਦ ਵੱਖ-ਵੱਖ ਸਮੇਂ, ਸੰਗੀਤ ਦੀਆਂ ਤਾਨਾਂ ਨਾਲ ਇਨ੍ਹਾਂ ਦੇ ਮਧੁਰ ਕੰਠ ਵਿਚੋਂ ਨਿਕਲੇ । ਇਹ ਸਾਰੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ 19 ਰਾਗਾਂ ਦੇ ਅਧੀਨ ਦਰਜ ਕੀਤੀਆਂ ਹੋਈਆਂ ਹਨ । ਇਸ ਮਹਾਨ ਗ੍ਰੰਥ ਦੀ ਸਪੂੰਰਨਤਾ 1604 ਈ: ਨੂੰ ਗੁਰੂ ਅਰਜਨ ਦੇਵ ਜੀ ਦੁਆਰਾ ਹੋਈ ਅਤੇ ਇਸ ਗ੍ਰੰਥ ਨੂੰ ਲਿਖਣ ਦਾ ਮਾਣ ਸਿੱਖ ਧਰਮ ਦੇ ਪਹਿਲੇ ਧਰਮ ਵਿਗਿਆਨੀ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੋਇਆ । 1604 ਈ: ਵਿੱਚ ਇਸ ਦਾ ਪ੍ਰਕਾਸ਼ ਹਰਿਮੰਦਿਰ ਸਾਹਿਬ ਵਿੱਚ ਕਰ ਦਿੱਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਮਾਣ ਪ੍ਰਾਪਤ ਹੋਇਆ । ਗੁਰੂ ਗ੍ਰੰਥ ਸਾਹਿਬ ਦੀ ਸਭ ਤੋਂ ਵੱਡੀ ਵਿਲੱਖਣਤਾ ਸੰਸਾਰ ਪੱਧਰ ਤੇ ਫੈਲੀਆਂ ਵਿੱਥਾਂ ਨੂੰ ਖਤਮ ਕਰਕੇ "ਸਭ ਸੈ ਲਏ ਮਿਲਾਇ ਜੀਉ" ਦੀ ਧਾਰਨਾ ਨੂੰ ਅਸਲ ਵਿੱਚ ਤਬਦੀਲ ਕਰਨਾ ਸੀ । ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਰਚ ਕੇ ਪੰਜਾਬੀ ਸਾਹਿਤ ਦੀ ਜੋ ਇੰਨੀ ਡੂੰਘੀ ਅਤੇ ਪੱਕੀ ਨੀਂਹ ਰੱਖੀ, ਉਹ ਗੁਰੂ ਨਾਨਕ ਦੇਵ ਜੀ ਦੀ ਹੀ ਅਗਵਾਈ ਦਾ ਸਿੱਟਾ ਸੀ ।

ਗੁਰੂ ਨਾਨਕ ਸਾਹਿਬ ਦੀ ਸਾਰੀ ਬਾਣੀ ਵਿਚ ਤਤਕਾਲੀਨ ਸਮਾਜ ਅਤੇ ਸੰਸਕ੍ਰਿਤੀ ਦਾ ਚਿੱਤ੍ਰਣ ਮਿਲਦਾ ਹੈ ਪਰ ਉਨ੍ਹਾਂ ਦੀ ਆਸਾ ਦੀ ਵਾਰ ਬਾਣੀ ਵਿੱਚ ਚਿੱਤਰਣ ਬਹੁਤ ਹੀ ਸੁੰਦਰ ਹੋਇਆ ਹੈ । ਉਕਤ ਬਾਣੀ ਰਾਹੀਂ ਗੁਰੂ ਸਾਹਿਬ ਜੀ ਦੇ ਸਮਕਾਲੀਨ ਸਮਾਜਿਕ ਪ੍ਰਵਿਰਤੀਆਂ, ਧਾਰਮਿਕ ਤੇ ਰਾਜਨੀਤਿਕ ਪਰਿਵਰਤਨਾਂ ਬਾਰੇ ਸਮੁੱਚੇ ਦਰਸ਼ਨ ਹੁੰਦੇ ਹਨ । ਇਸ ਵਿੱਚ ਪ੍ਰਮਾਤਮਾ, ਜੀਵ ਆਤਮਾ ਅਤੇ ਸਮਾਜ ਦੀ ਜਿੱਥੇ ਗੱਲ ਕੀਤੀ ਹੈ ਉੱਥੇ ਨਾਲ ਦੀ ਨਾਲ ਹੀ ਉਸ ਵੇਲੇ ਦੇ ਸਮਾਜ ਵਿੱਚ ਫੈਲੇ ਹੋਏ ਦੰਭ ਅਤੇ ਪਖੰਡ ਨੂੰ ਉਜਾਗਰ ਕੀਤਾ ਹੋਇਆ ਹੈ । ਧਰਮ ਦੇ ਠੇਕੇਦਾਰਾਂ ਦੁਆਰਾ ਧਰਮ ਦੀ ਆੜ ਵਿੱਚ ਜਨ-ਸਧਾਰਨ ਦੇ ਕੀਤੇ ਜਾਂਦੇ ਸ਼ੋਸ਼ਣ ਨੂੰ ਗੁਰੂ ਸਾਹਿਬ ਨੇ ਇਸ 'ਵਾਰ' ਰਾਹੀਂ ਰੂਪਮਾਨ ਕਰਦਿਆਂ ਹੋਇਆਂ ਆਪਣੇ ਸ਼ਬਦਾਂ ਰਾਹੀਂ ਸ਼ੋਸ਼ਤ ਮਨੁੱਖ ਦੀ ਮਾਨਸਿਕਤਾ ਨੂੰ ਸੁਤੰਤਰਤਾ ਵਿੱਚ ਤਬਦੀਲ ਕਰਨ ਦਾ ਪ੍ਰਸੰਗ ਸਿਰਜਿਆ ਹੈ। ਸਾਰੇ ਸੰਸਾਰ ਦੀ ਮਨੁੱਖਤਾ ਨੂੰ ਉਨ੍ਹਾਂ ਉਕਤ ਬਾਣੀ ਰਾਹੀਂ ਆਪਣਾ ਨੈਤਿਕ ਸੰਦੇਸ਼ ਸੁਣਾਇਆ ਅਤੇ ਸਰਵੋਤਮ ਧਰਮ ਦੀ ਸਥਾਪਨਾ ਕਰਨ ਦਾ ਯਤਨ ਕੀਤਾ। ਸੋ ਇਹ ਵਾਰ ਜਿੱਥੇ

ਮਨੁੱਖ ਨੂੰ ਅਧਿਆਤਮਿਕਤਾ ਦੀਆਂ ਬੁਲੰਦੀਆਂ ਤੱਕ ਲੈ ਜਾਂਦੀ ਦਰਸਾਉਂਦੀ ਹੈ ਉੱਥੇ ਨਾਲ ਦੀ ਨਾਲ ਪ੍ਰਮੁੱਖ ਇਤਿਹਾਸਕ ਸਰੋਤ ਦੇ ਰੂਪ ਵਿਚ ਆਪਣੀ ਪਛਾਣ ਬਣਾਉਂਦੀ ਨਜ਼ਰ ਆਉਂਦੀ ਹੈ । ਇਸ ਸਦੀਵੀਂ ਮਹਾਨਤਾ ਵਜੋਂ ਇਹ ਬਾਣੀ ਸਾਡੇ ਜੀਵਨ ਦਾ ਅਟੁੱਟਵਾਂ ਅੰਗ ਬਣ ਚੁੱਕੀ ਹੈ । ਰੋਜ਼ ਸਵੇਰੇ ਅੰਮ੍ਰਿਤ ਵੇਲੇ ਇਸ ਦੀ ਅੰਮ੍ਰਿਤਮਈ ਸ਼ਾਂਤ ਬਾਣੀ ਦਾ ਕੀਰਤਨ ਸਾਨੂੰ ਅੰਮ੍ਰਿਤ ਪ੍ਰਾਪਤੀ ਲਈ ਪ੍ਰੇਰਦਾ ਹੈ । ਗੁਰੂ ਸਾਹਿਬ ਦੀ ਇਸ ਮਹਾਨ ਬਾਣੀ ਵਿੱਚ 'ਸਤਯੰ, ਸ਼ਿਵੰ ਅਤੇ ਸੁੰਦਰੰ' ਦਾ ਸੰਗਮ ਮਿਲਦਾ ਹੈ, ਜਿਸ ਦਾ ਅੰਮ੍ਰਿਤ-ਰਸ ਪੀ ਕੇ ਮਨੁੱਖ ਮੁਕਤੀ ਦਾ ਮਾਰਗ ਪ੍ਰਾਪਤ ਕਰ ਲੈਂਦਾ ਹੈ। ਸਮਾਜ ਦੀਆਂ ਬੁਰੀਆਂ ਪ੍ਰਵਿਰਤੀਆਂ ਦੀ ਝਾਕੀ ਵਿਖਾ ਕੇ ਗੁਰੂ ਸਾਹਿਬ ਨੇ ਸਾਨੂੰ ਆਦਰਸ਼ਮਈ ਅਤੇ ਆਸ਼ਾਵਾਦੀ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਦਿੱਤੀ ਹੈ । ਯੁੱਗ-ਦਰਸ਼ਨ ਪੇਸ਼ ਕਰਨ ਵਾਲੀ ਗੁਰੂ ਸਾਹਿਬ ਦੀ ਇਹ ਪ੍ਰਤਿਨਿਧੀ ਕਾਵਿ ਰਚਨਾ ਦੁੱਖੀ ਸੰਸਾਰ ਨੂੰ ਸਦੀਵੀਂ ਸੁੱਖ-ਪ੍ਰਾਪਤੀ ਦੀ ਅਨੋਖੀ ਜੀਵਨ-ਜਾਚ ਦੱਸਦੀ ਹੈ ।

ਗੁਰੂ ਨਾਨਕ ਨੈਤਿਕ ਸਿਧਾਤਾਂ ਦੇ ਉਪਯੋਗੀ ਪੱਖ ਵੱਲੋਂ ਡੂੰਘੀ ਤਰ੍ਹਾਂ ਸੁਚੇਤ ਦਿਸਦੇ ਹਨ। ਸਦਾਚਾਰ-ਗਿਆਨ ਤਾਤਵਿਕ ਰੂਪ ਵਿੱਚ ਸਮਾਜਿਕ ਵਿਸ਼ਾ ਹੋਣ ਦੇ ਨਾਤੇ ਮਨੁੱਖੀ ਸਮੱਸਿਆਵਾਂ ਨਾਲ ਨਜਿੱਠਦਾ ਹੈ ਅਤੇ ਇਸ ਕਾਰਨ ਮਨੁੱਖੀ ਨੈਤਿਕਤਾ, ਆਦਰਸ਼ਾਂ ਤੇ ਕੀਮਤਾਂ ਵੱਲੋਂ ਬੇਧਿਆਨ ਨਹੀਂ ਹੋ ਸਕਦੀ। ਆਸਾ ਦੀ ਵਾਰ ਬਾਣੀ ਵਿੱਚ ਮਨੁੱਖੀ ਆਚਾਰ ਵਿਵਹਾਰ ਤੇ ਜ਼ੋਰ ਦਿੱਤਾ ਗਿਆ ਹੈ। ਨੈਤਿਕ ਗੁਣਾਂ ਤੇ ਜ਼ੋਰ ਦੇ ਕੇ ਛਲ, ਕਪਟ ਅਤੇ ਈਰਖਾ ਵਰਗੇ ਔਗੁਣਾਂ ਦੀ ਨਿਖੇਧੀ ਕੀਤੀ ਗਈ ਹੈ । ਨੈਤਿਕ ਗੁਣਾਂ ਵਾਲੇ ਜੀਵਨ ਨੂੰ ਬਤੀਤ ਕਰਕੇ ਪ੍ਰਮਾਤਮਾ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ । ਇਹ ਸੱਚ ਹੈ ਕਿ ਮਨੁੱਖ ਨੇ 'ਇਹ ਲੋਕ' ਨੂੰ 'ਗੁਰੂ ਲੋਕ' ਵਿਚ ਪਰਿਵਰਤ ਕਰਨਾ ਹੈ । ਵਾਰ ਆਸਾ ਵਿਚ 'ਇਹ ਲੋਕ' ਅਤੇ 'ਗੁਰੂ ਲੋਕ' ਦਾ ਸੁੰਦਰ ਸੰਬਾਦ ਹੈ । ਇਹ ਸੰਬਾਦ ਵਾਰ ਆਸਾ ਦਾ ਅਜਿਹਾ ਵਿਸ਼ੈ ਖੇਤਰ ਹੈ ਜੋ ਮਨੁੱਖ ਨੂੰ 'ਗੁਰੂ ਲੋਕ' ਵਲ ਪ੍ਰੇਰਦਾ ਹੈ । ਇਸ ਰਾਹ ਤੇ ਤੁਰ ਕੇ ਮਨੁੱਖ ਆਪਣਾ ਲੋਕ ਅਤੇ ਪ੍ਰਲੋਕ ਦੋਵੇਂ ਸੁਧਾਰ ਸਕਦਾ ਹੈ । ਗੁਰੂ ਨਾਨਕ ਬਾਣੀ ਅਨੁਸਾਰ ਚੰਗੇ ਮਨੁੱਖ ਦੀ ਪਹਿਚਾਣ ਉਹਦੇ ਚੰਗੇ ਅਮਲ ਹੀ ਹੁੰਦੇ ਹਨ । ਇਕ ਚੰਗਾ ਮਨੁੱਖ ਨਿੱਜੀ ਜੀਵਨ ਦੇ ਨਾਲ ਨਾਲ ਭਾਈਚਾਰਕ ਸੰਬੰਧਾਂ ਨੂੰ ਵੀ ਉੱਤਮਤਾ ਨਾਲ ਨਿਭਾਉਂਦਾ ਹੈ। ਸਵਾਰਥ, ਹਉਮੈ ਦਾ ਤਿਆਗ ਉਸ ਦਾ ਵਿਸ਼ੇਸ਼ ਲੱਛਣ ਹੁੰਦਾ ਹੈ । ਵਾਸਤਵ ਵਿਚ ਮਨੁੱਖ ਆਪਣੇ ਆਪ ਵਿਚ ਤਾਂ ਮਨੁੱਖ ਹੀ ਹੁੰਦਾ ਹੈ ਪਰ ਮਨੁੱਖ ਮਨੁੱਖ ਮਿਲ ਕੇ, ਅਰਥਾਤ 'ਨਿੱਜ' ਅਤੇ 'ਪਰ' ਦੀ ਏਕਤਾ ਹੋਣ ਉੱਪਰ ਹੀ ਉਹ ਦੇਵਤਾ ਬਣਦਾ ਹੈ ਪਰੰਤੂ 'ਨਿੱਜ' ਤੋਂ 'ਪਰ' ਤਕ ਪਹੁੰਚਣਾ ਕੋਈ ਸਧਾਰਨ ਗੱਲ ਨਹੀਂ, ਕਿਉਂਕਿ ਇਸ ਅਵਸਥਾ ਤੱਕ ਪਹੁੰਚਣ ਲਈ ਮਨੁੱਖ ਨੂੰ ਆਪਾ ਤਿਆਗਣਾ ਪੈਂਦਾ ਹੈ, ਜੋ ਕਿ ਇਕ ਕਠਿਨ ਕਾਰਜ ਹੈ । ਇਸ ਦਾ ਇਲਾਜ ਸਤਿਗੁਰੂ ਪਾਸ ਹੈ । ਗੁਰੂ ਸਾਹਿਬ ਦਾ ਵਿਚਾਰ ਹੈ ਕਿ ਹਉਮੈਂ ਤੋਂ ਮੁਕਤ ਹੋਣ ਦਾ ਇੱਕੋ ਇੱਕ ਢੰਗ ਇਹ ਹੈ ਕਿ ਮਨੁੱਖ ਨੂੰ ਰੱਬੀ ਜਾ ਦੈਵੀ ਨਿਯਮਾਂ ਅਧੀਨ ਆਪਣਾ ਆਪ ਢਾਲਣਾ ਚਾਹੀਦਾ ਹੈ :-

ੳ) ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥

(ਗੁਰੂ ਗ੍ਰੰਥ ਸਾਹਿਬ, ਅੰਗ : 466)

ਨਾਮ, ਸੰਤੋਖ ਅਤੇ ਨਿਮਰਤਾ ਰਾਹੀਂ ਜੀਵਾਤਮਾ ਆਪਣੇ ਅਸਲੀ ਰੂਪ ਨੂੰ ਪਛਾਣ ਸਕਦੀ ਹੈ। ਲੌਕਿਕ

ਅਤੇ ਪਾਰਲੌਕਿਕ ਸਭ ਤਰ੍ਹਾਂ ਦੇ ਸੁੱਖ ਨਾਲ ਸਿਮਰਨ ਨਾਲ ਹੀ ਮਿਲਦੇ ਹਨ । ਸੰਤੋਖੀ ਪੁਰਖ ਨੂੰ ਮਾਇਆ ਆਪਣੇ ਜਾਲ ਵਿਚ ਨਹੀਂ ਫਸਾ ਸਕਦੀ । ਪ੍ਰਮਾਤਮਾ ਹੀ ਇਕੋ ਦਾਤਾ ਹੈ ਅਤੇ ਸਾਰੀ ਦੁਨੀਆਂ ਭਿਖਾਰੀ ਹੈ । ਉਹ ਸਭ ਦੀਆਂ ਆਸਾਂ ਪੂਰੀਆਂ ਕਰਦਾ ਹੈ :-

ੳ) ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ ॥ (ਅੰਗ : 474)

ਅ) ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥
ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥
ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥
ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥
ਸੋ ਕਰੇ ਜਿ ਤਿਸੈ ਰਜਾਇ ॥ (ਅੰਗ : 475)

ੲ) ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ ॥
ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥ (ਅੰਗ : 466-67)

ਗੁਰੂ ਸਾਹਿਬ ਆਸਾ ਦੀ ਵਾਰ ਬਾਣੀ ਵਿਚ ਇਸ ਗੱਲ ਨੂੰ ਵੀ ਦ੍ਰਿੜ ਕਰਵਾਉਂਦੇ ਨਜ਼ਰ ਆਉਂਦੇ ਹਨ ਕਿ ਮਨੁੱਖ ਨੂੰ ਜੀਵਨ ਦੀ ਆਰਥਿਕ ਅਵਸਥਾ ਤੋਂ ਹੀ ਇਸ ਗੱਲ ਦਾ ਅਹਿਸਾਸ ਹੋ ਜਾਵੇ ਕਿ ਉਸ ਦਾ ਸਾਰਾ ਜੀਵਨ ਅਸਥਿਰ ਹੈ, ਨਾਸ਼ਮਾਨ ਹੈ । ਉਸ ਨੇ ਅਚਿੰਤੇ ਹੀ ਕਾਲ ਦੀ ਪਕੜ ਵਿਚ ਆ ਜਾਣਾ ਹੈ, ਜਿਸ ਦਾ ਕੋਈ ਵੇਲਾ ਨਿਸ਼ਚਿਤ ਨਹੀਂ । ਨਸ਼ਵਰ ਹੋਣ ਵਜੋਂ ਇਸ ਨੂੰ ਕੂੜਾ ਕਿਹਾ ਗਿਆ ਹੈ । ਇਸ ਨਾਲ ਮੋਹ ਪਾਉਣਾ ਅਗਿਆਨਤਾ ਹੈ :-

ੳ) ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥ (ਅੰਗ : 468)

ਅ) ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥
ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥ (ਅੰਗ : 474)

ਸੰਸਾਰ ਦਾ ਮੋਹ ਮਨੁੱਖ ਲਈ ਬੰਧਨ ਹੈ, ਜੋ ਉਸ ਲਈ ਆਪਣੇ ਮੂਲ ਮਨੋਰਥ ਤੱਕ ਪਹੁੰਚਣ ਦੇ ਰਾਹ ਵਿਚ ਰੁਕਾਵਟ ਬਣਦਾ ਹੈ । ਕੁਦਰਤ ਰੋਜ਼ ਇਹ ਗੱਲ ਸਮਝਾਉਂਦੀ ਹੈ ਪਰ ਮਨੁੱਖ ਆਪਣਾ ਸਰੀਰ ਦੀ ਨਸ਼ਵਰਤਾ ਤੋਂ ਸਬਕ ਸਿੱਖਦਾ ਹੀ ਨਹੀਂ । ਦੋ ਘੜੀਆਂ ਰੋ ਧੋ ਕੇ ਮੁੜ ਮੰਦੇ ਕੰਮਾਂ ਵਿਚ ਰੁੱਝ ਜਾਂਦਾ ਹੈ । ਉਹ ਇਹ ਨਹੀਂ ਸੋਚਦਾ ਕਿ ਕਲ੍ਹ ਮੇਰੀ ਵੀ ਵਾਰੀ ਆਉਣੀ ਹੈ :-

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ (ਅੰਗ : 470)

ਸਰੀਰ ਦੀ ਸੁੰਦਰਤਾ, ਜਵਾਨੀ ਅਤੇ ਧਨ ਦੇ ਨਸ਼ੇ ਵਿਚ ਭਾਵੇਂ ਉਹ ਕਿਸੇ ਨੂੰ ਨਾ ਪਛਾਣੇ ਪਰ ਮੌਤ ਨੇ ਆਖਿਰ ਉਸ ਨੂੰ ਗ੍ਰਸਣਾ ਜ਼ਰੂਰ ਹੈ । ਇਸੇ ਲਈ ਗੁਰੂ ਸਾਹਿਬ ਬਾਰ-ਬਾਰ ਮਨੁੱਖ ਨੂੰ ਇਹ ਆਦੇਸ਼ ਦਿੰਦੇ ਨਜ਼ਰ ਆਉਂਦੇ ਹਨ ਕਿ ਪ੍ਰਭੂ ਸਿਮਰਨ ਤੋਂ ਅਣਗਹਿਲੀ ਨਹੀਂ ਕਰਨੀ:-

ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥
ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰ ਪਾਸਾਰਿਆ ॥ (ਅੰਗ : 472)

ਗੁਰੂ ਨਾਨਕ ਬਾਣੀ ਵਿੱਚ ਮਨੁੱਖ ਨੂੰ ਦੇਵਤਾ ਬਣਾਉਣ ਦੀ ਕਲਪਨਾ ਕੀਤੀ ਗਈ ਹੈ। ਅਸਲ ਵਿੱਚ ਮਨੁੱਖ

ਸਰੀਰ ਬਣਤਰ ਕਰਕੇ ਤਾਂ ਮਨੁੱਖ ਹੁੰਦਾ ਹੈ ਪਰ ਆਪਣੀਆਂ ਮਨੋਬਿਰਤੀਆਂ ਕਾਰਨ ਪਸ਼ੂ ਜੀਵਨ ਦੇ ਨੇੜੇ ਜਾ ਅਪੜਦਾ ਹੈ । ਗੁਰੂ ਸਾਹਿਬ ਦਾ ਵਿਚਾਰ ਹੈ ਕਿ ਮਨੁੱਖ ਇਸ ਸਥਿਤੀ ਤੋਂ ਉੱਪਰ ਉੱਠ ਕੇ ਦੇਵਤਾ ਜਾਂ ਚੰਗਾ ਮਨੁੱਖ ਬਣਨ ਦੀ ਸਮਰੱਥਾ ਤਾਂ ਰੱਖਦਾ ਹੈ ਪਰ ਇਸ ਸਮਰੱਥਾ ਦਾ ਬੋਧ ਉਸ ਨੂੰ ਆਪਣੇ ਆਪ ਨਹੀਂ ਹੁੰਦਾ । ਇਸ ਲਈ ਉਸ ਨੂੰ ਸੁਚੱਜੀ ਅਗਵਾਈ ਦੀ ਲੋੜ ਪੈਂਦੀ ਹੈ । ਸੰਤ ਪ੍ਰਮਾਤਮਾ ਦੇ ਰੂਪ ਹਨ । ਉਨ੍ਹਾਂ ਦੇ ਦਰਸ਼ਨ ਨਾਲ ਜੀਵਨ ਸਫ਼ਲ ਹੋ ਜਾਂਦਾ ਹੈ । ਸੱਚਾ ਸੇਵਕ ਕਦੇ ਆਪਣੇ ਸੁਆਮੀ ਦੀ ਬਰਾਬਰੀ ਨਹੀਂ ਕਰਦਾ । ਸੱਚਾ ਚਾਕਰ ਤਾਂ ਆਪਣੇ ਆਪ ਨੂੰ ਮਿਟਾ ਕੇ ਨਿਮਰਤਾ ਨਾਲ ਸੁਆਮੀ ਦੀ ਸੇਵਾ ਕਰਦਾ ਹੈ। ਉਸ ਦੇ ਨਾਲ ਮਨ ਦੀ ਮੈਲ ਹਟ ਜਾਂਦੀ ਹੈ ਅਤੇ ਉਹ ਉਸ ਦੇ ਦਰ ਤੇ ਕਬੂਲ ਹੁੰਦਾ ਹੈ :-

ੳ) ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤਾ ਮਸਤਕਿ ਲਾਈਐ ॥
ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥
ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥
ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨਾ ਦੀ ਪਾਈਐ ॥
ਮਤਿ ਥੋੜੀ ਸੇਵ ਗਵਾਈਐ ॥ (ਅੰਗ : 468)

ਅ) ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥ (ਅੰਗ : 474)

ਗੁਰੂ ਸਾਹਿਬ ਆਪਣੀ ਇਸ ਬਾਣੀ ਵਿਚ ਇਹ ਸਪੱਸ਼ਟ ਕਰਦੇ ਹਨ ਕਿ ਇਸ ਧਰਤੀ ਉੱਤੇ ਮਨੁੱਖੀ ਜੀਵਨ ਦੀ ਸੱਚੀ-ਸੁੱਚੀ ਬੁਨਿਆਦ ਸਦਾਚਾਰਕ ਆਚਰਣ ਦੀ ਹੈ । ਗੁਰ ਸਿੱਖਿਆ ਦਾ ਬੀਜ ਸਿਵਾਇ ਸਦਾਚਾਰਕ ਕਰਮ ਦੀ ਖੇਤੀ ਦੇ, ਜਿਸ ਨੂੰ ਲਗਾਤਾਰ ਸੱਚ ਦੇ ਪਾਣੀ ਨਾਲ ਸਿੰਜਿਆ ਹੋਵੇ, ਹੋਰ ਕਿਧਰੇ ਪਲ੍ਹਰ ਨਹੀਂ ਸਕਦਾ । ਸ਼ੁੱਭ ਕਰਮਾਂ ਵਾਲਾ ਜੀਵਨ 'ਸਚਿਆਰ' ਦੇ ਨਿਰਮਾਣ ਹਿਤ ਕੰਮ ਆਉਂਦਾ ਹੈ । ਅਜਿਹੇ ਵਿਅਕਤੀ ਦੀ ਘਾੜਤ ਹਿਤ ਜੋ ਸੱਚ ਨਾਲ ਇਕ ਸੁਰ ਹੋਇਆ ਹੋਵੇ, ਗੁਰੂ ਨਾਨਕ-ਸ਼ਬਦਾਵਲੀ ਵਿਚ ਮੋਖ-ਦੁਆਰ ਨੂੰ ਪ੍ਰਾਪਤ ਵਿਅਕਤੀ ਕਿਹਾ ਗਿਆ ਹੈ । ਸ਼ੁੱਭ ਕਰਮ ਮਨੁੱਖੀ ਆਚਰਣ ਦੇ ਅਲੰਕਾਰ ਹਨ । ਵਿਸ਼ ਬੀਜ ਕੇ ਸਾਨੂੰ ਅੰਮ੍ਰਿਤ ਦੀ ਆਸ ਨਹੀਂ ਕਰਨੀ ਚਾਹੀਦੀ :-

ੳ) ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥ (ਅੰਗ : 474)

ਅ) ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (ਅੰਗ : 470)

ੲ) ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ (ਅੰਗ : 473)

ਮਨੁੱਖ ਦੀ ਵਾਸਤਵਿਕਤਾ ਉਸ ਦੀ ਸੰਪੂਰਨ ਸ਼ਖ਼ਸ਼ੀਅਤ ਹੈ । ਮਨੁੱਖੀ ਸ਼ਖ਼ਸ਼ੀਅਤ ਦਾ ਮੂਲ ਆਧਾਰ ਹੀ ਉਸ ਦੀ ਸਮਾਜਿਕਤਾ ਹੈ । ਸਮਾਜ ਵਿੱਚ ਰਹਿੰਦਿਆਂ ਅਤੇ ਇਸ ਦੀਆਂ ਕਦਰਾਂ ਦੇ ਗੁੰਝਲਦਾਰ ਤਾਣੇ ਪੇਟੇ ਅੰਦਰ ਹੀ ਮਾਨਵ ਸ਼ਖ਼ਸ਼ੀਅਤ ਦਾ ਉਦੈ ਹੁੰਦਾ ਹੈ । ਇਸ ਸਮਾਜਿਕ ਚੇਤਨਾ ਦਾ ਸਿਖਰ ਨੈਤਿਕਤਾ ਹੈ । ਕੇਵਲ ਮਾਨਵ ਹੀ ਨੈਤਿਕ ਜੀਵ ਹੈ ਕਿਉਂਕਿ ਕੇਵਲ ਉਹੋ ਹੀ ਆਪਣੇ ਨਿੱਜੀ ਲਾਭ ਤੋਂ ਉਚੇਰਾ ਉੱਠ ਸਕਣ ਦੀ ਸੰਭਾਵਨਾ ਰੱਖਦਾ ਹੈ । ਗੁਰੂ ਨਾਨਕ ਮਨੁੱਖੀ ਸ਼ਖ਼ਸ਼ੀਅਤ ਦੇ ਇਸ ਮਹੱਤਵਪੂਰਨ ਪੱਖ ਪ੍ਰਤੀ ਚੇਤੰਨ ਹਨ । ਨੈਤਿਕ ਗੁਣਾਂ ਨੂੰ ਧਾਰਨ ਕੀਤੇ ਬਿਨ੍ਹਾਂ ਤਾਂ ਸਮਾਜ ਦਾ ਪ੍ਰਬੰਧ ਚੱਲ ਨਹੀਂ ਸਕਦਾ । ਨੈਤਿਕਤਾ ਅਤੇ ਸਮਾਜ ਦੇ ਇਸ ਡੂੰਘੇ ਸੰਬੰਧ ਕਾਰਨ ਹੀ ਗੁਰੂ

ਨਾਨਕ ਸਮਾਜਿਕ ਪ੍ਰਣਾਲੀਆਂ ਨੂੰ ਸਦਾਚਾਰੀ ਹੋਣ ਦੀ ਪ੍ਰੇਰਣਾ ਦਿੰਦੇ ਹਨ । ਜੀਵਨ ਮਨੁੱਖਾਂ ਦੇ ਆਪਸੀ ਸਬੰਧਾਂ ਦਾ ਤਾਣਾ-ਪੇਟਾ ਹੈ । ਇਨ੍ਹਾਂ ਸੰਬੰਧਾਂ ਦੀ ਸੇਧ ਨਿਸ਼ਚਿਤ ਕਰਨ ਲਈ ਨੈਤਿਕ ਗੁਣ, ਧਾਰਨ ਕਰਨੇ ਜ਼ਰੂਰੀ ਹਨ । ਗੁਰੂ ਨਾਨਕ ਨੇ ਹਰ ਸਮਾਜਿਕ ਬੁਰਾਈ ਵਿਰੁੱਧ ਆਵਾਜ਼ ਉਠਾਈ । ਇਸਤਰੀ ਦੀ ਨਿੰਦਾ ਹੁੰਦੀ ਦੇਖ ਕੇ ਉਨ੍ਹਾਂ ਇਸ ਦੇ ਗੌਰਵ ਨੂੰ ਸਪੱਸ਼ਟ ਕੀਤਾ । ਜਾਤ-ਪਾਤ ਆਦਿ ਦੇ ਜ਼ਹਿਰੀਲੇ ਭਿੰਨ ਭੇਦ ਵਿਰੁੱਧ ਵੀ ਕਰਾਰੀ ਸੱਟ ਮਾਰੀ ਹੈ । ਆਪਣੇ ਵੇਲੇ ਦੇ ਸਮਾਜ ਦੀ ਵਿਘਟਨ ਅਵਸਥਾ ਦੇ ਦੁੱਖ ਅਨੁਭਵ ਨੂੰ ਕਾਵਿ-ਬੱਧ ਕੀਤਾ ਅਤੇ ਸਮਾਜਿਕ ਆਗੂਆਂ ਦੀ ਕਰਾਰੀ ਆਲੋਚਨਾ ਵੀ ਕੀਤੀ ਹੈ :-

ੳ) ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਅਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (ਅੰਗ: 473)

ਅ) ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ (ਅੰਗ : 468-69)

ਉਪਰੋਕਤ ਵਿਵੇਚਨ ਤੋਂ ਇਹ ਸਪੱਸ਼ਟ ਹੁੰਦਾ ਹੈ ਗੁਰੂ ਨਾਨਕ ਮਨੁੱਖੀ ਸਖ਼ਸ਼ੀਅਤ ਅਤੇ ਸਮਾਜਿਕ ਵਾਤਾਵਰਣ ਦੇ ਪਰਸਪਰ ਸੰਬੰਧ ਦੇ ਮਹੱਤਵ ਨੂੰ ਸਵੀਕਾਰ ਕਰਦੇ ਹਨ ਅਤੇ ਉਨ੍ਹਾਂ ਦਾ ਰਾਹ ਸਮਾਜ ਤੋਂ ਭਾਂਜ ਦਾ ਨਹੀਂ ਸਗੋਂ ਇਸ ਵਿੱਚ ਰਹਿੰਦਿਆਂ ਇਸ ਨੂੰ ਸੁਧਾਰਨ ਦਾ ਹੈ । ਗੁਰੂ ਸਾਹਿਬ ਮਨੁੱਖੀ ਸਖ਼ਸ਼ੀਅਤ ਦੇ ਸਮਾਜਿਕ ਨੈਤਿਕ ਪੱਖਾਂ ਦੇ ਮਹੱਤਵ ਨੂੰ ਸਵੀਕਾਰ ਕਰਦੇ ਹੋਏ ਮਨੁੱਖੀ ਜੀਵਨ ਦੀ ਪੂਰਨ ਸਾਰਥਿਕਤਾ ਵਿਚ ਵਿਸ਼ਵਾਸ਼ ਰੱਖਦੇ ਹਨ । ਉਨ੍ਹਾਂ ਦਾ ਮਾਰਗ ਸੰਸਾਰ ਅਤੇ ਇਸ ਦੀਆਂ ਜ਼ਿੰਮੇਵਾਰੀਆਂ ਨੂੰ ਤਿਆਗ ਕੇ ਸੰਨਿਆਸ ਧਾਰਨ ਕਰਨ ਦਾ ਨਹੀਂ ਸਗੋਂ ਮਨੁੱਖੀ ਸਖ਼ਸ਼ੀਅਤ ਦੀ ਇਸ ਵਾਸਤਵਿਕਤਾ ਨੂੰ ਬ੍ਰਹਿਮੰਡੀ ਸੰਭਾਵਨਾ ਦੇ ਰਾਹ ਤੇ ਤੋਰਨਾ ਉਨ੍ਹਾਂ ਦਾ ਉੱਚ ਆਦਰਸ਼ ਪ੍ਰਤੀਤ ਹੁੰਦਾ ਹੈ। ਗੁਰੂ ਸਾਹਿਬ ਦੀ ਇਹ ਬਾਣੀ ਭੌਤਿਕਵਾਦੀ ਸੰਸਾਰ ਨੂੰ ਆਪਣਾ ਅਧਿਆਤਮਿਕ ਸੰਦੇਸ਼ ਸੁਣਾ ਕੇ ਸੰਸਾਰ ਦਾ ਮਾਰਗ ਦਰਸ਼ਨ ਕਰਦੀ ਹੈ । ਇਸ ਬਾਣੀ ਵਿਚ ਉਪਦੇਸ਼ਾਤਮਕ ਅੰਸ਼ ਦੀ ਪ੍ਰਧਾਨਤਾ ਹੈ। ਆਪਣੀਆਂ ਨੈਤਿਕ ਪਰੰਪਰਾਵਾਂ ਨੂੰ ਚੇਤਾ ਕਰਾ ਕੇ ਮਨੁੱਖਤਾ ਨੂੰ ਜਗਾਉਂਦੀ ਹੈ ਅਤੇ ਉਸ 'ਆਤਮਰੂਪ' ਦੇ ਰਹੱਸ ਬਾਰੇ ਜਾਣਕਾਰੀ ਦਿੰਦੀ ਹੈ । ਇਸ ਪ੍ਰਕਾਰ ਆਸਾ ਦੀ ਵਾਰ ਬਾਣੀ ਦੀ ਸਮੁੱਚੀ ਵਿਚਾਰਧਾਰਾ ਵਿਚ ਇਕ 'ਗੁਰਮੁੱਖ' ਰੂਪੀ ਆਦਰਸ਼ ਮਨੁੱਖ ਦੀ ਰੂਪ-ਰੇਖਾ ਸਪੱਸ਼ਟ ਹੁੰਦੀ ਹੈ। ਉਕਤ ਨੈਤਿਕ ਸਿਧਾਂਤਾਂ ਅਨੁਸਾਰ ਜੀਵਨ ਨੂੰ ਢਾਲਣਾ ਹੀ ਸਾਡੀ ਗੁਰੂ ਨਾਨਕ ਸਾਹਿਬ ਜੀ ਪ੍ਰਤੀ ਸੱਚੀ ਸ਼ਰਧਾਂਜਲੀ ਹੈ।

**ਸ੍ਰੀ ਆਤਮ ਵਲੱਭ ਜੈਨ ਕਾਲਜ,ਲੁਧਿਆਣਾ**
**ਮੋਬਾ: 94642-79473**ਜਓਸਕਰਿਓਨਕ92[ਗਮਓਲਿ.ਚੋਮ

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

ਤਾਲਮੇਲ ਸਥਾਪਤ ਕਰਨ ਵਿੱਚ ਸਹਾਇਤਾ ਮਿਲੇ। ਅਧਿਆਪਕ ਸੰਗੀਤ ਦਾ ਇਤਿਹਾਸ ਦੱਸਦੇ ਹੋਏ ਹੋਰ ਇਤਿਹਾਸਕ ਘਟਨਾਵਾਂ ਜਿਨ੍ਹਾਂ ਕਾਰਨ ਸੰਗੀਤ ਪ੍ਰਭਾਵਿਤ ਹੋਇਆ, ਬਾਰੇ ਵੀ ਵਿਦਿਆਰਥੀਆਂ ਨੂੰ ਜਾਣਕਾਰੀ ਦੇਵੇ। ਸੰਗੀਤ ਦਾ ਮਨੋਵਿਗਿਆਨ ਅਤੇ ਸਮਾਜ ਵਿਗਿਆਨ ਨਾਲ ਵੀ ਡੂੰਘਾ ਸਬੰਧ ਹੈ। ਅਧਿਆਪਕ ਜੋ ਵੀ ਵਿਦਿਆਰਥੀਆਂ ਨੂੰ ਦੱਸਦਾ ਹੈ, ਉਸ ਨੂੰ ਸਪਸ਼ਟ ਕਰਨ ਦੀ ਸਮਰੱਥਾ ਜ਼ਰੂਰੀ ਹੋਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀਆਂ ਦੇ ਮਨਾਂ ਵਿੱਚ ਉਪਜਣ ਵਾਲੇ ਸ਼ੰਕਿਆਂ ਨੂੰ ਦੂਰ ਕੀਤਾ ਜਾ ਸਕੇ। ਸੰਗੀਤ ਦਾ ਸਮਾਜ ਉੱਪਰ ਕਿਵੇਂ ਪ੍ਰਭਾਵ ਪੈਂਦਾ ਹੈ ਅਤੇ ਸਮਾਜ ਕਿਵੇਂ ਸੰਗੀਤ ਨੂੰ ਪ੍ਰਭਾਵਿਤ ਕਰਦਾ ਹੈ, ਇਸ ਬਾਰੇ ਉਸਨੂੰ ਪੂਰਾ ਗਿਆਨ ਹੋਣਾ ਚਾਹੀਦਾ ਹੈ। ਉਹ ਸੰਗੀਤ ਨਾਲ ਸੰਬੰਧਤ ਕਿਸੇ ਵੀ ਸਿਰਲੇਖ ਅਧੀਨ ਜਦੋਂ ਵਿਦਿਆਰਥੀਆਂ ਨੂੰ ਸਿੱਖਿਆ ਦਿੰਦਾ ਹੈ ਤਾਂ ਉਹ ਉਸ ਨਾਲ ਸੰਬੰਧਤ ਅਲੱਗ-ਅਲੱਗ ਵਿਦਵਾਨਾਂ ਦੀਆਂ ਪੁਸਤਕਾਂ ਪੜ੍ਹੇ ਅੰਤ ਵਿੱਚ ਇੱਕ ਤੱਥ ਨੂੰ ਅਧਾਰ ਬਣਾ ਕੇ ਵਿਦਿਆਰਥੀਆਂ ਨੂੰ ਸਮਝਾਵੇ ਤਾਂ ਜੋ ਵਿਦਿਆਰਥੀਆਂ ਨੂੰ ਸੱਚ ਕੀ ਹੈ, ਇਸ ਬਾਰੇ ਪਤਾ ਲੱਗ ਸਕੇ। ਇਹ ਕਾਰਜ ਭਾਵੇਂ ਔਖਾ ਹੈ ਪਰ ਵਿਦਿਆਰਥੀਆਂ ਦੇ ਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਉਸ ਨੂੰ ਇਹ ਸਭ ਕਰਨ ਦੀ ਸਮਰੱਥਾ ਆਪਣੇ ਅੰਦਰ ਪੈਦਾ ਕਰਨੀ ਪਵੇਗੀ। ਅਧਿਆਪਕ ਸੰਗੀਤ ਵਿਸ਼ੇ ਨੂੰ ਗਿਆਨਾਤਮਕ ਰੂਪ ਵਿੱਚ ਇਸ ਤਰ੍ਹਾਂ ਪੜ੍ਹਾਵੇ ਕਿ ਉਹ ਖੁਦ ਸੰਗੀਤ ਅਤੇ ਸਿਖਿਆਰਥੀ ਵਿੱਚ ਇੱਕ ਮਾਧਿਅਮ ਬਣ ਸਕੇ। ਆਪਣੇ ਜੀਵਨ ਅਨੁਭਵ ਦੀ ਸਹਾਇਤਾ ਨਾਲ ਉਹ ਵਿਦਿਆਰਥੀ ਵਿੱਚ ਸੰਗੀਤ ਵਿਸ਼ੇ ਦੇ ਮਾਧਿਅਮ ਰਾਹੀਂ ਜੀਵਨ ਦੀਆਂ ਕਦਰਾਂ ਕੀਮਤਾਂ ਪ੍ਰਤੀ ਚੇਤਨਾ ਪੈਦਾ ਕਰ ਸਕੇ। ਸੰਗੀਤ-ਸਿੱਖਿਆ ਵਿੱਚ ਅਧਿਆਪਕ ਦਾ ਇੱਕ ਮਾਰਗਦਰਸ਼ਕ ਦੇ ਰੂਪ ਵਿੱਚ ਕਾਰਜ ਕਰਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

ਅਧਿਆਪਕ ਵਿਦਿਆਰਥੀਆਂ ਵਿੱਚ ਰੁਚੀ ਲੈਣ ਵਾਲਾ ਹੋਵੇ। ਉਸਦੇ ਵਿਅਕਤਿਤਵ ਦੇ ਸੰਪੂਰਨ ਵਿਕਾਸ ਦੀ ਜ਼ਿੰਮੇਵਾਰੀ ਅਧਿਆਪਕ ਦੀ ਹੈ। ਅਧਿਆਪਕ ਜਿਹੜੇ ਗੁਣ ਆਪਣੇ ਵਿਦਿਆਰਥੀਆਂ ਵਿੱਚ ਦੇਖਣਾ ਚਾਹੁੰਦਾ ਹੈ ਪਹਿਲਾਂ ਉਹ ਉਸਨੂੰ ਆਪਣੇ ਅੰਦਰ ਵਸਾਉਣੇ ਪੈਣਗੇ ਅਤੇ ਉਵੇਂ ਹੀ ਆਪਣੇ ਵਿਦਿਆਰਥੀਆਂ ਅੱਗੇ ਵਿਚਰਨਾ ਪਵੇਗਾ। ਅਧਿਆਪਕ ਨੂੰ ਖੁਦ ਇੱਕ ਚੰਗੀ ਤੇ ਸੰਤੁਲਿਤ ਸ਼ਖਸੀਅਤ ਦਾ ਮਾਲਕ, ਆਦਰਸ਼ਵਾਦੀ, ਅਨੁਸ਼ਾਸਨਬੱਧ, ਤੀਖਣ ਬੁੱਧੀ ਦਾ ਮਾਲਕ, ਉੱਤਮ ਚਰਿੱਤਰਵਾਦੀ, ਆਸ਼ਾਵਾਦੀ ਦ੍ਰਿਸ਼ਟੀਕੋਣ ਵਾਲਾ, ਨਿਆਂਵਾਦੀ ਅਤੇ ਨਿਰਪੱਖ, ਸਮੇਂ ਦਾ ਪਾਬੰਦ, ਆਤਮ-ਵਿਸ਼ਵਾਸੀ, ਆਤਮ-ਵਿਸ਼ਲੇਸ਼ਕ, ਉਤਸ਼ਾਹੀ, ਮਿਹਨਤੀ, ਮਿਲਨਸਾਰ ਅਤੇ ਵਿਦਿਆਰਥੀਆਂ ਨੂੰ ਪ੍ਰੇਮ ਕਰਨ ਵਾਲਾ ਹੋਣ ਦੀ ਲੋੜ ਹੈ। ਵਿਦਿਆਰਥੀ ਅਧਿਆਪਕ ਤੋਂ ਕੇਵਲ ਸਿੱਖਿਆ ਹੀ ਗ੍ਰਹਿਣ ਨਹੀਂ ਕਰਦੇ ਸਗੋਂ ਉਸਦੇ ਗੁਣਾਂ ਨੂੰ ਵੀ ਆਪਣੇ ਅੰਦਰ ਸਮੋਂਦੇ ਹਨ, ਜੇਕਰ ਅਧਿਆਪਕ ਆਦਰਸ਼ਵਾਦੀ ਹੋਵੇਗਾ ਤਾਂ ਉਸਦੇ ਵਿਦਿਆਰਥੀ ਵੀ ਕੁਝ ਹੱਦ ਤੱਕ ਉਹੋ ਜਿਹਾ ਬਣਨ ਦੇ ਚਾਹਵਾਨ ਹੋਣਗੇ ਅਤੇ ਸਫਲਤਾ ਵੀ ਪ੍ਰਾਪਤ ਕਰਨਗੇ ਪਰ ਜੇਕਰ ਅਧਿਆਪਕ ਉਪਰੋਕਤ ਗੁਣਾਂ ਤੋਂ ਸਖੱਣਾ ਹੋਵੇਗਾ ਤਾਂ ਉਹ ਕਦੇ ਵੀ ਆਪਣੇ ਵਿਦਿਆਰਥੀਆਂ ਲਈ ਆਦਰਸ਼ ਨਹੀਂ ਬਣ ਸਕੇਗਾ। ਇਸ ਲਈ ਅਧਿਆਪਕ ਨੂੰ ਉਪਰੋਕਤ ਗੁਣਾਂ ਨਾਲ ਲੈਸ ਹੋਣਾ ਬਹੁਤ ਜ਼ਰੂਰੀ ਹੈ। ਇਹਨਾਂ ਗੁਣਾਂ ਨੂੰ ਆਪਣੇ ਅੰਦਰ ਸੰਜੋਣ ਵਾਲਾ ਅਧਿਆਪਕ ਹੀ ਸਫਲ ਅਧਿਆਪਕ ਬਣ ਸਕਦਾ ਹੈ।

ਅਧਿਆਪਕ ਸੰਗੀਤ-ਸਿੱਖਿਆ ਦੇ ਖੇਤਰ ਵਿੱਚ ਹੋ ਰਹੇ ਨਵੇਂ ਪ੍ਰਯੋਗਾਂ, ਚੁਣੌਤੀਆਂ ਅਤੇ ਪਰਿਵਰਤਨਾਂ ਪ੍ਰਤੀ ਸੁਚੇਤ ਹੋਵੇ। ਭਾਵੇਂ ਸੰਗੀਤ ਦਾ ਆਕਾਸ਼ ਅਤਿ ਵਿਸ਼ਾਲ ਹੈ। ਪਰ ਫਿਰ ਵੀ ਵਿਸ਼ਾਲ ਅਸਮਾਨ ਵਿੱਚ ਸੰਗੀਤ ਦੇ ਨਿੱਤ ਨਵੇਂ ਦਿਸਹੱਦੇ ਦਿਖਾਈ ਪੈਂਦੇ ਹਨ, ਜਿਨ੍ਹਾਂ ਦੀ ਜਾਣਕਾਰੀ ਅਧਿਆਪਕ ਨੂੰ ਹੋਣੀ ਚਾਹੀਦੀ ਹੈ। ਸੰਗੀਤ ਵਿੱਚ ਹੋ ਰਹੇ ਪਰਿਵਰਤਨਾਂ ਵੱਲ ਉਸਦਾ ਧਿਆਨ ਹੋਵੇ ਕਿ ਉਹ ਸੰਗੀਤ ਦੇ ਸੰਤੁਲਿਤ ਵਿਕਾਸ ਵਿੱਚ ਸਹਾਇਕ ਹਨ ਜਾਂ ਨਹੀਂ। ਉਸਨੂੰ ਸੁਚੇਤ ਰੂਪ ਵਿੱਚ ਅਜਿਹੇ ਪ੍ਰਯੋਗ ਅਤੇ ਪਰਿਵਰਤਨ ਨਕਾਰਨੇ ਪੈਣਗੇ ਜਿਨ੍ਹਾਂ ਨਾਲ ਸੰਗੀਤ ਵਿਸ਼ੇ

# ਸੰਗੀਤ ਸਿਖਿਆ ਵਿਚ ਅਧਿਆਪਕ ਦੀ ਭੂਮਿਕਾ ਅਤੇ ਕਰਤੱਵ

ਡਾ. ਹਰਮਿੰਦਰ ਕੌਰ

ਭਾਰਤੀ ਸਭਿਆਚਾਰ ਵਿੱਚ ਕਲਾਵਾਂ ਨੂੰ ਉੱਤਮ ਸਥਾਨ ਪ੍ਰਾਪਤ ਹੈ। ਸੰਗੀਤ, ਕਲਾਵਾਂ ਦੇ ਪਰਿਵਾਰ ਦੀ ਇੱਕ ਪ੍ਰਮੁੱਖ ਅਤੇ ਜ਼ਰੂਰੀ ਕੜੀ ਹੈ। ਹਿੰਦੁਸਤਾਨੀ ਸੰਗੀਤ ਦਾ ਸਰੂਪ ਅਤੇ ਸੁਹਜ ਜਿੰਨ੍ਹਾਂ ਵਿਸ਼ਾਲ ਅਤੇ ਗਹਿਰਾ ਹੈ ਉਸਦੇ ਲਈ ਉਨੇ ਹੀ ਵਿਸ਼ਾਲ ਅਤੇ ਗਹਿਰੇ ਅਨੁਭਵ ਦੀ ਲੋੜ ਹੈ ਜੋ ਇੱਕ ਵਿਸ਼ੇਸ਼ ਮਾਹੌਲ ਅਤੇ ਪਰਨਾਲੀ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਸੰਗੀਤ ਕਲਾ ਦੀ ਸਿੱਖਿਆ ਜਦੋਂ ਤੋਂ ਸੰਸਥਾਗਤ ਸਿੱਖਿਆ ਪ੍ਰਣਾਲੀ ਰਾਹੀਂ ਸਮੂਹਿਕ ਪੱਧਰ ਤੇ ਦਿਤੀ ਜਾਣ ਲੱਗੀ ਤਾਂ ਗੁਰੂਸ਼ਿਸ਼ ਦੀ ਥਾਂ ਅਧਿਆਪਕ ਅਤੇ ਵਿਦਿਆਰਥੀ ਸ਼ਬਦ ਪ੍ਰਚਲਿਤ ਹੋ ਗਏ। ਇਸ ਖੇਤਰ ਵਿਚ ਅਧਿਆਪਕ ਦੇ ਆਦਰਸ਼ ਰੂਪ ਗੁਰੂਦੀ ਭੂਮਿਕਾ ਦਾ ਵਰਣਨ ਪਿਛਲੇ ਆਰਟੀਕਲ ਵਿਚ ਕੀਤਾ ਗਿਆ ਪਰ ਅਜੋਕੇ ਸਮੇਂ ਅਧਿਆਪਕ ਨੂੰਹੀ ਗੁਰੂਦੀ ਭੂਮਿਕਾ ਨਿਭਾਉਣੀ ਪੈਣੀ ਹੈ ਭਾਵੇਂ ਇਕ ਅਧਿਆਪਕ ਲਈ ਅਜਿਹਾ ਕਰਨਾ ਮੁਸ਼ਕਿਲ ਹੋਵੇਗਾ ਪਰ ਸੰਗੀਤ ਦੀ ਉਨਤੀ ਤੇ ਵਿਦਿਆਰਥੀਆਂ ਦੇ ਭਵਿੱਖ ਨੂੰਰੁਸ਼ਨਾਉਣ ਲਈ ਮੁਸ਼ਕਿਲਾਂ ਨੂੰਸਹਿਣਾ ਹੀ ਪਵੇਗਾ। ਸਿੱਖਿਆ ਦੇ ਖੇਤਰ ਵਿਚ ਅਧਿਆਪਕ ਦਾ ਵਿਸ਼ੇਸ਼ ਮਹੱਤਵ ਇੱਕ ਬ੍ਰਹਿਮੰਡੀ ਤੱਥ (Universal fact) ਹੈ। ਅਧਿਆਪਕ ਲਈ ਹੋਰ ਵੀ ਸ਼ਬਦਾਂ ਦਾ ਪ੍ਰਯੋਗ ਹੁੰਦਾ ਹੈ ਜਿਵੇਂ, "ਪੜ੍ਹਾਉਣ ਵਾਲਾ, ਮਾਸਟਰ, ਗੁਰੂ, ਪਾਂਧਾ, ਉਸਤਾਦ, ਉਪਦੇਸ਼ਕ, ਪ੍ਰਚਾਰਕ।

ੋਅਧਿਆਪਕੋ ਸ਼ਬਦ ਦੇ ਇਤਿਹਾਸਕ ਵਿਕਾਸ ਨੂੰਵਾਚੀਏ ਤਾਂ ਇਸ ਲਈ ਹੀ ਇੱਕ ਹੋਰ ਸ਼ਬਦ ੋਆਚਾਰੀਆੋ ਵੀ ਪ੍ਰਯੋਗ ਕੀਤਾ ਜਾਂਦਾ ਸੀ, ਜੋਂ ਚਰੋ ਧਾਤੂਤੋਂ ਬਣਿਆ ਹੈ। ਇਸਦਾ ਅਰਥ ਹੈ ਵਿਉਹਾਰ ਕਰਨਾ ਜਾਂ ਵਿਚਰਨਾ। ੋਆਚਾਰੀਆੋ ਉਹ ਹੈ ਜੋ ਦੂਜਿਆਂ ਨੂੰ ਠੀਕ ਢੰਗ ਨਾਲ ਵਿਚਰਨ ਦੀ ਤਾਲੀਮ ਦੇਵੇ। "ਆਚਾਰਯਮ ਗ੍ਰਹਿਯਤੀ ਇਤੀ ਆਚਾਰਯ। " ਸੰਖੇਪ ਵਿੱਚ ਕਹਿ ਸਕਦੇ ਹਾਂ ਕਿ ਆਚਾਰੀਆ ਖੁਦ ਉੱਤਮ ਆਚਰਣ ਦਾ ਮੁਜਸੱਮਾ ਹੈ। ਅਧਿਆਪਕ ਅਤੇ ਵਿਦਿਆਰਥੀ ਦਾ ਸੰਬੰਧ ਪਿਤਾ-ਪੁੱਤਰ ਵਾਲਾ ਹੁੰਦਾ ਹੈ। ਅਧਿਆਪਕ ਵਿਦਿਆਰਥੀ ਨੂੰ ਪਿਆਰ ਕਰਦਾ ਹੈ, ਉਸਦੇ ਆਚਰਣ ਉੱਤੇ ਵੀ ਕਾਬੂਰੱਖਦਾ ਹੈ। ਸੰਗੀਤ ਕੇਵਲ ਇੱਕ ਵਿਸ਼ਾ ਹੀ ਨਹੀਂ ਸਗੋਂ ਇੱਕ ਸੰਪੂਰਨ ਜੀਵਨ-ਜਾਚ ਹੈ, ਨਿਰੰਤਰ ਸਾਧਨਾ ਹੈ। ਇਸਦਾ ਸਾਧਕ ਹੋਣ ਲਈ ਸੰਗੀਤਕ-ਸੰਸਕਾਰਾਂ ਦਾ ਗੂੜ੍ਹ ਗਿਆਨ ਹੋਣਾ ਲੋੜੀਂਦਾ ਹੈ, ਜਿਸਦੀ ਜਾਣਕਾਰੀ ਸਮੂਹਿਕ ਸਿੱਖਿਆ ਸੰਸਥਾਵਾਂ ਵਿਚ ਅਧਿਆਪਕ ਤੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਅੱਜ ਦੇ ਵਿਗਿਆਨਿਕ ਯੁੱਗ ਵਿੱਚ ਸੰਗੀਤ-ਸਿੱਖਿਆ ਦਾ ਸਥਾਨ, ਵਾਤਾਵਰਨ ਅਤੇ ਸਿੱਖਣ-ਸਿਖਾਉਣ ਦੇ ਤਰੀਕੇ ਬਦਲ ਗਏ ਹਨ। ਸੰਗੀਤ ਪ੍ਰਤੀ ਸਮਾਜ ਦੇ ਦ੍ਰਿਸ਼ਟੀਕੋਣ ਵਿੱਚ ਵੀ ਪਰਿਵਰਤਨ ਆ ਗਿਆ। ਵਿਸ਼ਵਵਿਦਿਆਲਿਆਂ ਅਤੇ ਮਹਾਂਵਿਦਿਆਲਿਆਂ ਵਿੱਚ ਸੰਗੀਤ ਇੱਕ ਵਿਸ਼ੇ ਵਜੋਂ ਸਥਾਪਤ ਹੋ ਜਾਣ ਨਾਲ ਸੰਗੀਤ-ਸਿੱਖਿਆ ਸੁਲਭ ਹੋ ਗਈ। ਗੁਰੂ-ਸ਼ਿਸ਼ ਪਰੰਪਰਾ ਵਿੱਚ ਗੁਰੂਤੋਂ ਸੰਗੀਤ ਸਿੱਖਣ ਲਈ ਕਿੰਨੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਸੰਗੀਤ ਦਾ ਇਤਿਹਾਸ ਇਸਦੀ ਗਵਾਹੀ

ਭਰਦਾ ਹੈ।

ਮੱਧਕਾਲੀਨ ਗੁਰੂਸ਼ਿਸ਼ ਪ੍ਰੰਪਰਾ ਦੀਆਂ ਕਮੀਆਂ ਤੋਂ ਸੰਸਥਾਗਤ ਸਿੱਖਿਆ ਪ੍ਰਣਾਲੀ ਨੇ ਜਨਮ ਲਿਆ ਜੋ ਅਜੋਕੇ ਸਮੇਂ ਇਕ ਵਿਸ਼ੇਸ਼ ਭੂਮਿਕਾ ਅਦਾ ਕਰ ਰਹੀ ਹੈ। ਸੰਸਥਾਗਤ ਸਿੱਖਿਆ ਪਰਨਾਲੀ ਵਿੱਚ ਇੱਕ ਸਿਖਿਆਰਥੀ ਨੂੰ ਕਈ ਅਧਿਆਪਕਾਂ ਤੋਂ ਸਿੱਖਣ ਦਾ ਅਵਸਰ ਸਹਿਜੇ ਹੀ ਪ੍ਰਾਪਤ ਹੋ ਗਿਆ ਹੈ। ਵਰਤਮਾਨ ਵਿੱਚ ਵਿਦਿਆਰਥੀ ਸਮੂਹਿਕ ਸਿੱਖਿਆ ਪ੍ਰਾਪਤ ਕਰ ਰਹੇ ਹਨ। ਹਰ ਸੰਗੀਤ ਵਿਦਿਆਰਥੀ ਦੇ ਹਿਰਦੇ ਵਿੱਚ ਸੰਗੀਤ ਸਿੱਖਿਆ ਪ੍ਰਤੀ ਰੁਝਾਨ, ਲਗਨ ਅਤੇ ਇੱਛਾ ਪੈਦਾ ਕਰਨੀ ਅਧਿਆਪਕ ਦਾ ਫਰਜ਼ ਹੈ। ਇਸ ਸਿੱਖਿਆ-ਪਰਨਾਲੀ ਵਿੱਚ ਇੱਕ ਜਮਾਤ ਵਿੱਚ ਕਮਜ਼ੋਰ ਅਤੇ ਹੁਸ਼ਿਆਰ ਵਿਦਿਆਰਥੀ ਇੱਕਠੇ ਹੁੰਦੇ ਹਨ। ਦੋਹਾਂ ਦੇ ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ ਸੰਗੀਤ ਦੀ ਸਿੱਖਿਆ ਦੇਣੀ ਪੈਂਦੀ ਹੈ। ਸੰਸਥਾਗਤ ਸਿੱਖਿਆ-ਪਰਨਾਲੀ ਦੇ ਸਨਮੁਖ ਇਹ ਚੁਣੌਤੀਆਂ ਅਤੇ ਸਮੱਸਿਆਵਾਂ ਦਰਪੇਸ਼ ਹਨ ਪਰ ਇਸਦੇ ਬਹੁਤ ਸਾਰੇ ਹਾਂ ਪੱਖੀ ਪਹਿਲੂ ਵੀ ਹਨ। ਇਹਨਾਂ ਪਰਸਥਿਤੀਆਂ ਵਿੱਚ ਸਿੱਖਿਆ ਦਿੰਦੇ ਹੋਏ ਹੀ ਸੰਗੀਤ-ਸਿੱਖਿਆ ਵਿੱਚ ਉੱਤਮਤਾ ਨੂੰਪ੍ਰਾਪਤ ਕਰਨ ਦਾ ਹੰਭਲਾ ਤਾਂ ਮਾਰਨਾ ਹੀ ਪਵੇਗਾ। ਇੱਕ ਵਿਦਵਾਨ ਅਨੁਸਾਰ "ਕਲਾ ਦੀ ਆਧੁਨਿਕ ਪੜ੍ਹਾਈ ਵਿੱਚ ਕਲਾ ਦੇ ਅਧਿਆਪਕ ਦੀ ਮਹੱਤਵਪੂਰਨ ਥਾਂ ਹੈ। ਉਸਨੇ ਸਾਊਮੰਗਤਿਆਂ ਦੇ ਬੁੱਕਾਂ ਵਿੱਚ ਗਿਆਨ ਰੂਪੀ ਪਾਣੀ ਨਹੀਂ ਡੋਲ੍ਹਣਾ, ਉਸਦਾ ਕੰਮ ਸਿਰਜਨਾਤਮਕ ਹੋਣਾ ਚਾਹੀਦਾ ਹੈ। ਉਸਨੇ ਸਿਰਜਨਾਤਮਕ ਕੰਮ ਨੂੰ ਪ੍ਰੇਰਿਤ ਕਰਨ ਲਈ ਢੁੱਕਵੇਂ ਵਾਤਾਵਰਨ ਦਾ ਪਰਬੰਧ ਕਰਨਾ ਹੈ।"

ਅਧਿਆਪਕ ਅਤੇ ਸਿਖਿਆਰਥੀ ਦੋਨੋਂ ਹੀ ਸਿੱਖਿਆ-ਪਰਨਾਲੀ ਦੇ ਦੋ ਧੁਰੇ ਹਨ। ਜੇਕਰ ਦੋਨੋਂ ਆਪਣੇ-ਆਪਣੇ ਫਰਜ਼ਾਂ ਪ੍ਰਤੀ ਸੁਚੇਤ ਰਹਿਣ ਤਾਂ ਨਤੀਜੇ ਨਿਸ਼ਚੇ ਹੀ ਵਧੀਆ ਪ੍ਰਾਪਤ ਹੋ ਸਕਦੇ ਹਨ। ਇਸ ਵਿੱਚ ਸਭ ਤੋਂ ਪਹਿਲਾਂ ਅਧਿਆਪਕ ਦੀ ਭੂਮਿਕਾ ਮਹੱਤਵਪੂਰਨ ਹੈ ਕਿਉਂਕਿ ਅਧਿਆਪਕ ਦਾ ਸਥਾਨ ਦੇਣ ਵਾਲੇ ਦਾ ਹੈ ਅਤੇ ਸਿਖਿਆਰਥੀ ਦਾ ਗ੍ਰਹਿਣ ਕਰਨ ਵਾਲੇ ਦਾ। ਅਧਿਆਪਕ ਨੇ ਵਿਦਿਆਰਥੀ ਨੂੰਸੰਗੀਤ-ਸਿੱਖਿਆ ਦੇਣੀ ਹੈ, ਜੀਵਨ ਜਾਂਚ ਸਿਖਾਉਣੀ ਹੈ, ਇਸ ਲਈ ਅਧਿਆਪਕ ਨੂੰ ਸੁਘੜ ਅਤੇ ਸਿਆਣਾ ਬਣਨ ਦੀ ਲੋੜ ਹੈ। ਡਾ. ਪ੍ਰਭਾ ਅਤ੍ਰੇ ਲਿਖਦੇ ਹਨ "ਇੱਕ ਸਮੇਂ ਖੁਦ ਕਲਾ ਦੀ ਤਪੱਸਿਆ ਕਰਨਾ ਸਰਲ ਹੈ, ਕਿੰਤੂਦੂਸਰੇ ਵਿੱਚ ਕਲਾਕਾਰ ਨਿਰਮਾਣ ਕਰਨਾ ਬਹੁਤ ਕਠਿਨ ਹੈ। ਅਸਲ ਵਿੱਚ ਸਚਾਈ ਤਾਂ ਇਹ ਹੈ ਕਿ ਖੁਦ ਨੂੰ ਮਿਟਾ ਕੇ ਇਹ ਕਾਰਜ ਕਰਨਾ ਪੈਂਦਾ ਹੈ।"

ਇੱਕ ਆਦਰਸ਼ ਅਧਿਆਪਕ ਵਿੱਚ ਕੁਝ ਗੁਣ ਹੋਣੇ ਲੋੜੀਂਦੇ ਹਨ। ਉਸਨੂੰ ਆਪਣੇ ਫਰਜ਼ਾਂ ਪ੍ਰਤੀ ਵੀ ਸੁਚੇਤ ਹੋਣਾ ਜ਼ਰੂਰੀ ਹੈ। ਅਧਿਆਪਕ ਨੂੰ ਸੰਗੀਤ ਵਿੱਚ ਮੁਹਾਰਤ ਹਾਸਲ ਕਰਨਾ ਹੀ ਕਾਫੀ ਨਹੀਂ, ਸਗੋਂ ਉਸਨੂੰ ਸਿੱਖਿਆ ਵਿਧੀਆਂ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਉਸ ਨੂੰ ਸਮੂਹ ਵਿੱਚ ਹੁਸ਼ਿਆਰ ਅਤੇ ਕਮਜ਼ੋਰ ਦੋਵੇਂ ਤਰ੍ਹਾਂ ਦੇ ਵਿਦਿਆਰਥੀਆਂ ਦੇ ਪੱਧਰ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਭਾਵੇਂ ਉਸਨੂੰ ਵਿਦਿਆਰਥੀਆਂ ਦੀ ਸਿੱਖਣ ਸਮਰੱਥਾ ਅਨੁਸਾਰ ਸਮੂਹ ਬਣਾਉਣੇ ਪੈਣ। ਜਦੋਂ ਅਧਿਆਪਕ ਸੰਗੀਤ-ਸਿੱਖਿਆ ਦਿੰਦਾ ਹੈ ਤਾਂ ਵਿਦਿਆਰਥੀ ਸੰਗੀਤ ਸਿੱਖਣ ਦੇ ਨਾਲ-ਨਾਲ ਉਸਦੇ ਸਿੱਖਿਆ ਦੇਣ ਦੇ ਢੰਗ ਨੂੰ ਵੀ ਅਪਣਾਉਂਦੇ ਹਨ। ਇਸ ਲਈ ਜੇਕਰ ਅਧਿਆਪਕ ਸਹੀ ਅਧਿਆਪਨ ਵਿਧੀ ਦਾ ਪ੍ਰਯੋਗ ਨਹੀਂ ਕਰੇਗਾ ਤਾਂ ਉਸਦੇ ਵਿਦਿਆਰਥੀ ਵਧੀਆ ਸਿੱਖਿਅਕ ਨਹੀਂ ਬਣ ਸਕਣਗੇ।

ਅਧਿਆਪਕ ਨੂੰ ਸੰਗੀਤ ਦੇ ਨਾਲ-ਨਾਲ ਇਸ ਨਾਲ ਸਬੰਧਤ ਹੋਰ ਪੱਖਾਂ ਜਿਵੇਂ ਇਤਿਹਾਸਕ, ਦਾਰਸ਼ਨਿਕ, ਮਨੋਵਿਗਿਆਨਿਕ ਅਤੇ ਸਮਾਜਿਕ ਤੋਂ ਵੀ ਜਾਣੂਹੋਣਾ ਚਾਹੀਦਾ ਹੈ ਤਾਂ ਜੋ ਪੜ੍ਹਾਏ ਜਾਣ ਵਾਲੇ ਵਿਸ਼ੇ ਦਾ

ਅਤੇ ਕਲਾ ਨੂੰ ਕਿਸੇ ਤਰ੍ਹਾਂ ਦੀ ਹਾਨੀ ਪਹੁੰਚਦੀ ਹੋਵੇ। ਉਸਨੂੰ ਸੰਗੀਤ ਵਿਚੋਂ ਵਰਤਮਾਨ ਸਮੇਂ ਦਰਪੇਸ਼ ਚੁਣੌਤੀਆਂ ਦੇ ਨਾਲ-ਨਾਲ ਭੱਵਿਖ ਵਿੱਚ ਆਉਣ ਵਾਲੀਆਂ ਚੁਣੌਤੀਆਂ ਪ੍ਰਤੀ ਵੀ ਸੁਚੇਤ ਹੋਣਾ ਪਵੇਗਾ। ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਦੇਣੇ ਹਨ ਪਰ ਅਧਿਆਪਕ ਦੀ ਨਜ਼ਰ ਵਿਦਿਆਰਥੀਆਂ ਦੇ ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ ਇੰਨੀ ਚੁਕੰਨੀ ਹੋਵੇ ਕਿ ਉਹ ਇਹ ਨਿਰਣਾ ਕਰ ਸਕੇ ਕਿ ਸੰਗੀਤ ਲਈ ਸਹੀ ਕੀ ਹੈ ਅਤੇ ਗਲਤ ਕੀ ਹੈ, ਕਿਉਂਕਿ ਅਧਿਆਪਕ ਨੇ ਹੀ ਆਪਣੇ ਵਿਸ਼ੇ ਨੂੰ ਜ਼ਿੰਦਾ ਰੱਖਕੇ ਸਮਾਜ ਵਿੱਚ ਹਰਮਨ ਪਿਆਰਾ ਬਣਾਉਣਾ ਹੈ ਅਤੇ ਪਰੰਪਰਾ ਨੂੰ ਕਾਇਮ ਰੱਖਣਾ ਹੈ। ਇੱਥੋਂ ਤੱਕ ਕਿ ਵਿਦਿਆਰਥੀਆਂ ਦੇ ਭਵਿਖ ਦਾ ਨਿਰਮਾਤਾ ਵੀ ਅਧਿਆਪਕ ਹੀ ਹੁੰਦਾ ਹੈ।

ਸੰਗੀਤ ਦੀ ਸਹਾਇਕ ਸਮੱਗਰੀ ਜਿਵੇਂ ਪਾਠਕ੍ਰਮ, ਸਾਜ਼, ਪਾਠ-ਪੁਸਤਕਾਂ, ਆਡਿਓ-ਵਿਡੀਓ ਕੈਸਟਾਂ ਅਤੇ ਕੰਪਿਊਟਰ ਦੀ ਸੁਯੋਗ ਵਰਤੋਂ ਕਰਨ ਵਾਲਾ ਅਧਿਆਪਕ ਹੀ ਹੈ, ਜੋ ਇਹਨਾਂ ਦੀ ਵਰਤੋਂ ਵਿਦਿਆਰਥੀਆਂ ਦੇ ਹਿੱਤ ਵਿੱਚ ਵੱਧ ਤੋਂ ਵੱਧ ਕਰ ਸਕਦਾ ਹੈ। ਜੇਕਰ ਅਧਿਆਪਕ ਵਿੱਚ ਪੜ੍ਹਨ-ਰੁਚੀ, ਸਾਧਨਾ ਅਤੇ ਚਿੰਤਨ ਦੀ ਘਾਟ ਹੈ ਤਾਂ ਉਹ ਸੰਗੀਤ ਲਈ ਹੋ ਰਹੇ ਨਵੇਂ ਪ੍ਰਯੋਗਾਂ, ਪਰਿਵਤਰਨਾਂ, ਚੁਣੌਤੀਆਂ ਤੋਂ ਬੇਖ਼ਬਰ ਹੀ ਹੋਵੇਗਾ। ਅਜਿਹਾ ਅਧਿਆਪਕ ਸਹੀ ਅਰਥਾਂ ਵਿੱਚ ਅਧਿਆਪਕ ਨਹੀਂ ਬਣ ਸਕਦਾ ਭਾਵੇਂ ਉਹ ਇਸ ਪਦਵੀ ਤੇ ਅਧਿਆਪਕ ਵਜੋਂ ਕਾਰਜ ਕਰਦਾ ਹੋਵੇ। ਵਿਦਿਆਰਥੀ ਦਾ ਬੌਧਿਕ, ਮਾਨਸਿਕ ਅਤੇ ਨੈਤਿਕ ਵਿਕਾਸ ਕਰਨ ਦਾ ਕਰਤੱਵ ਅਧਿਆਪਕ ਦਾ ਹੀ ਹੈ।

ਸੰਗੀਤ ਇੱਕ ਕਿਰਿਆਤਮਕ ਕਲਾ ਹੈ। ਇਸਦਾ ਅਧਿਆਪਨ ਪ੍ਰਯੋਗਾਤਮਕ ਅਤੇ ਪਰਦਰਸ਼ਨ ਪਰਕਿਰਿਆ ਰਾਹੀਂ ਹੀ ਸੰਭਵ ਹੈ। ਇਸ ਲਈ ਸੁਯੋਗ ਅਧਿਆਪਨ ਲਈ ਅਧਿਆਪਕ ਨੂੰ ਨਿਤਾਪ੍ਰਤੀ ਦਾ ਰਿਆਜ਼ੀ ਹੋਣਾ ਵੀ ਬਹੁਤ ਜ਼ਰੂਰੀ ਹੈ। ਇਸਦਾ ਇੱਕ ਦੂਸਰਾ ਪੱਖ ਇਹ ਵੀ ਹੈ ਕਿ ਜੇ ਉਹ ਆਪ ਰਿਆਜ਼ ਕਰੇਗਾ ਤਾਂ ਹੀ ਉਹ ਵਿਦਿਆਰਥੀਆਂ ਨੂੰ ਰਿਆਜ਼ ਕਰਨ ਲਈ ਪ੍ਰੇਰਿਤ ਕਰ ਸਕੇਗਾ। ਗਲ਼ੇ ਦੀ ਤਿਅਰੀ, ਸੁਰੀਲਾਪਨ, ਸੁਰ ਦੀ ਸਥਿਰਤਾ-ਇਹ ਸਾਰੇ ਗੁਣ ਰਿਆਜ਼ ਨਾਲ ਹੀ ਆਉਣੇ ਸੰਭਵ ਹਨ। ਇਸ ਲਈ ਅਧਿਆਪਕ ਨੂੰਆਪ ਨੂੰ ਰਿਆਜ਼ੀ ਹੋਣ ਦੀ ਲੋੜ ਹੈ। ਵਿਦਿਆਰਥੀਆਂ ਨੂੰ ਰਿਆਜ਼ ਕਰਨ ਦੀ ਪ੍ਰੇਰਨਾ ਦੇਣ ਦੇ ਨਾਲ-ਨਾਲ ਉਹਨਾਂ ਨੂੰ ਰਿਆਜ਼ ਕਰਨ ਦੇ ਨਿਯਮ ਵੀ ਦੱਸਣੇ ਲਾਜ਼ਮੀ ਹਨ, ਬਲਕਿ ਕੁਝ ਸਮੇਂ ਤੱਕ ਵਿਦਿਆਰਥੀ ਦਾ ਰਿਆਜ਼ ਅਧਿਆਪਕ ਦੀ ਦੇਖ-ਰੇਖ ਵਿੱਚ ਹੋਣਾ ਚਾਹੀਦਾ ਹੈ ਤਾਂ ਕਿ ਉਸਦੀ ਕੋਈ ਆਦਤ ਗਲਤ ਨਾ ਪੱਕ ਜਾਵੇ ਅਤੇ ਉਸਦੇ ਗਾਇਨ ਵਿੱਚ ਸਥਾਈ ਤੌਰ ਤੇ ਦੋਸ਼ ਉਤਪੰਨ ਨਾ ਹੋ ਜਾਵੇ।

ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਕੇਵਲ ਸੰਗੀਤ ਸੁਣਨ ਲਈ ਪ੍ਰੇਰਿਤ ਹੀ ਨਾ ਕਰੇ ਸਗੋਂ ਸੰਗੀਤ ਸੁਣਨ ਦੀ ਜਾਚ ਵੀ ਸਿਖਾਵੇ। ਸੰਗੀਤ ਸੁਣਦੇ ਸਮੇਂ ਕਿਹੜੀਆਂ ਗੱਲਾਂ ਧਿਆਨ ਵਿੱਚ ਰੱਖਣੀਆਂ ਹਨ, ਇਸਦੀ ਜਾਣਕਾਰੀ ਦਿੱਤੀ ਜਾਵੇ। ਵਿਦਿਆਰਥੀਆ ਨੂੰ ਸੁਯੋਗ ਸੰਗੀਤਕਾਰਾਂ ਦੀਆਂ ਕੈਸਟਾਂ ਅਤੇ ਰੇਡੀਓ, ਦੂਰਦਰਸ਼ਨ ਉੱਤੇ ਆਉਣ ਵਾਲੇ ਪ੍ਰੋਗਰਾਮਾਂ ਬਾਰੇ ਦੱਸਿਆ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਸੁਣਨ ਸ਼ਕਤੀ ਵਿੱਚ ਵਾਧਾ ਹੋਵੇ। ਜਿਨ੍ਹਾਂ ਵਿਦਿਆਰਥੀਆਂ ਵਿੱਚ ਸੁਰ ਅਤੇ ਲੈਅ ਦੇ ਸੰਸਕਾਰ ਹੁੰਦੇ ਹਨ, ਉਹਨਾਂ ਦੀ ਸੁਣਨ ਸ਼ਕਤੀ ਵਿੱਚ ਵਾਧਾ ਕਰਕੇ ਸੰਗੀਤ ਦਾ ਅਨੰਦ ਲੈਣ ਦੇ ਯੋਗ ਬਣਾਇਆ ਜਾ ਸਕਦਾ ਹੈ। ਸੁਣਨ ਦੇ ਨਾਲ ਉਹ ਬੇਸੁਰੇ ਅਤੇ ਸੁਰੀਲੇਪਣ ਦੀ ਪਛਾਣ ਕਰਨ ਦੇ ਯੋਗ ਹੋ ਸਕਣਗੇ, ਹਾਂ-ਪੱਖੀ ਅਤੇ ਨਾ-ਪੱਖੀ ਗੁਣਾਂ ਦਾ ਵਿਵੇਚਨ ਕਰ ਸਕਣਗੇ ਅਤੇ ਉਹਨਾਂ ਵਿੱਚ ਵਿਸ਼ਲੇਸ਼ਣਾਤਮਕ ਸ਼ਕਤੀ ਦਾ ਵਿਕਾਸ ਹੋਵੇਗਾ। ਆਪਣੇ ਗਲ਼ੇ ਦੇ ਗੁਣ-ਧਰਮ ਅਨੁਸਾਰ ਅਤੇ ਆਪਣੀ ਸੁਹਜਾਤਮਕ ਬਿਰਤੀ ਅਨੁਸਾਰ ਵਿਦਿਆਰਥੀਆਂ ਨੂੰ ਕਿਹੜੀਆਂ ਸੰਗੀਤਾਤਮਕ ਵਿਸ਼ੇਸ਼ਤਾਵਾਂ ਅਪਣਾਉਣੀਆਂ ਚਾਹੀਦੀਆਂ ਹਨ ਅਤੇ ਕਿਹੜੀਆਂ ਨਹੀਂ, ਇਸ ਦੀ ਸੂਝ-ਬੂਝ ਪਰਦਾਨ ਕਰਨੀ ਵੀ ਅਧਿਆਪਕ ਦੇ ਕਾਰਜ-ਖੇਤਰ ਵਿੱਚ ਸ਼ਾਮਲ ਹੈ।

ਅਧਿਆਪਕ ਸਮਾਜ ਦਾ ਉਹ ਵਰਗ ਹਨ, ਜਿਨ੍ਹਾਂ ਦੇ ਜ਼ਿੰਮੇ ਗਿਆਨ ਨੂੰ ਪੀੜ੍ਹੀ-ਦਰ-ਪੀੜ੍ਹੀ ਸੰਚਾਰ ਕਰਨ ਜਿਹਾ ਅਹਿਮ ਕਾਰਜ ਆਉਂਦਾ ਹੈ। ਸਮਾਜ ਨੂੰ ਸੇਧ ਦੇਣ ਵਾਲਾ ਇਹ ਵਰਗ ਸੁਅਸਥ ਸਮਾਜ ਦੇ ਨਿਰਮਾਣ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਸ ਮਹਾਨ ਕਾਰਜ ਨੂੰ ਨਿਭਾਉਣ ਵਾਲੇ ਸਮਾਜ ਨੂੰ ਸਹੀ ਸੇਧ ਦੇਣ ਵਾਲੇ ਅਧਿਆਪਕਾਂ ਲਈ ਹੁਣ ਇਹ ਨਿਠੱਕੇ ਸੋਚਣ ਦੀ ਘੜੀ ਹੈ ਕਿ ਉਹਨਾਂ ਨੇ ਇਸ ਨਿਘਰ ਰਹੇ ਸਮਾਜ ਨੂੰ ਉਭਾਰਨ ਲਈ ਕਿੰਨੀ ਇਮਾਨਦਾਰੀ ਅਤੇ ਨਿਸ਼ਠਾ ਨਾਲ ਕੰਮ ਕਰਨਾ ਹੈ। ਪਹਿਲਾਂ ਅਧਿਆਪਕ ਅੰਦਰ ਗਿਆਨ ਪ੍ਰਾਪਤ ਕਰਨ ਦੀ ਪਿਆਸ ਹੋਵੇ। ਉਹ ਪੁਸਤਕਾਲੇ ਵਿੱਚ ਜਾ ਕੇ ਵੱਧ ਤੋਂ ਵੱਧ ਸੰਗੀਤ ਨਾਲ ਸੰਬੰਧਤ ਗਿਆਨ ਪ੍ਰਾਪਤ ਕਰੇ ਅਤੇ ਕਿਰਿਆਤਮਕ ਸੰਗੀਤ ਵਿੱਚ ਸ਼੍ਰਵਣ ਕਿਰਿਆ ਦੁਆਰਾ ਪਰਿਪੱਕਤਾ ਲਿਆਵੇ। ਅਧਿਆਪਕ ਪੜ੍ਹਨ ਦੀ ਚੇਟਕ ਲਾਉਂਦਾ ਹੈ, ਗਿਆਨ ਦੀ ਪਿਆਸ ਪੈਦਾ ਕਰਦਾ ਹੈ, ਵਿਦਿਆਰਥੀ ਨੂੰ ਗਿਆਨ ਦੇ ਅਥਾਹ ਸਮੁੰਦਰ ਵਿੱਚ ਤੈਰਨ ਲਈ ਤੋਰ ਦਿੰਦਾ ਹੈ ਕਿਉਂਕਿ ਗਿਆਨ ਅਨੰਤ ਹੈ, ਅਸੀਮ ਹੈ, ਗਿਆਨ ਦੀਆਂ ਸਭ ਰਮਜ਼ਾਂ ਦਾ ਰਹੱਸ ਅਧਿਆਪਕ ਕੋਲ ਵੀ ਨਹੀਂ ਹੋ ਸਕਦਾ। ਸੰਗੀਤ ਦੇ ਖੇਤਰ ਵਿੱਚ ਅਧਿਆਪਕ ਜਦੋਂ ਵਿਦਿਆਰਥੀ ਨੂੰ ਇਨਾਂ ਪਰਿਪੱਕ ਕਰ ਦੇਵੇ ਕਿ ਉਹ ਆਪਣੇ ਵਿਵੇਕ ਰਾਹੀਂ ਆਪਣੀ ਕਲਾ ਵਿੱਚ ਨਿਤ ਨਵੀਨਤਾ ਅਤੇ ਨਿਖਾਰ ਲਿਆ ਸਕੇ ਤਾਂ ਇਹ ਸਿੱਖਿਆ ਦੀ ਸਭ ਤੋਂ ਉੱਚੀ ਟੀਸੀ ਹੋਵੇਗੀ। ਵਿਦਿਆਰਥੀ ਵਿੱਚ ਇਨ੍ਹਾਂ ਆਤਮ-ਵਿਸ਼ਵਾਸ ਭਰ ਦੇਵੇ ਕਿ ਉਹ ਹਰ ਗੱਲ ਨੂੰ, ਹਰ ਕਠਿਨਾਈ ਨੂੰ ਆਪਣੇ ਬਲਬੂਤੇ ਸਿੱਧ ਕਰ ਸਕੇ ਅਤੇ ਨਜਿੱਠ ਸਕੇ।

ਅਧਿਆਪਕਾਂ ਨੂੰ ਉਪਰੋਕਤ ਕਰਤੱਵਾਂ ਪ੍ਰਤੀ ਹਰ ਸਮੇਂ ਸੁਚੇਤ ਰਹਿਣ ਦੀ ਲੋੜ ਹੈ। ਇਹਨਾਂ ਮਹੱਤਵਪੂਰਨ ਗੁਣਾਂ ਦਾ ਮੁਜੱਸਮਾ ਬਣ ਕੇ ਹੀ ਇੱਕ ਸੁਘੜ ਅਤੇ ਸਿਆਣਾ ਅਧਿਆਪਕ ਸਮਾਜ ਨੂੰ ਪ੍ਰਾਪਤ ਹੋ ਸਕਦਾ ਹੈ। ਸਿੱਖਿਆ ਦਾ ਉਦੇਸ਼ ਪੂਰਾ ਕਰਨ ਲਈ ਅਧਿਆਪਕ ਅਤੇ ਸਿੱਖਿਆਰਥੀ ਦੋਹਾਂ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ। ਜੇਕਰ ਅਧਿਆਪਕ ਗੁਣਵਾਨ ਹੋਵੇ ਅਤੇ ਆਪਣੇ ਫਰਜ਼ ਬਾਖੂਬੀ ਨਿਭਾਉਂਦਾ ਹੋਵੇ ਪਰ ਵਿਦਿਆਰਥੀ ਵਿੱਚ ਸੰਗੀਤ ਸਿੱਖਣ ਦੀ ਓਨੀ ਲਗਨ ਨਾਂ ਹੋਵੇ ਤਾਂ ਵੀ ਸਿੱਖਿਆ ਦਾ ਉਦੇਸ਼ ਪੂਰਾ ਨਹੀਂ ਹੋ ਸਕਦਾ। ਇਸ ਲਈ ਅਧਿਆਪਕ ਅਤੇ ਵਿਦਿਆਰਥੀ ਸੰਗੀਤ ਦੀ ਸੰਸਥਾਗਤ ਸਿੱਖਿਆ ਪ੍ਰਣਾਲੀ ਦੇ ਦੋ ਧੁਰੇ ਹਨ। ਸੰਗੀਤ ਕਲਾ ਦੀ ਸਿੱਖਿਆ ਵਿਚ ਜੇਕਰ ਅਧਿਆਪਕ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਰਹਿੰਦਾ ਹੈ ਤਾਂ ਵਿਦਿਆਰਥੀ ਵਿਚ ਵੀ ਉਹੀ ਗੁਣ ਹੋਣੇ ਲਾਜ਼ਮੀ ਹਨ ਜੋ ਗੁਰੂਸ਼ਿਸ਼ ਪ੍ਰੰਪਰਾ ਵਿਚ ਇਕ ਸ਼ਿਸ਼ ਵਿਚ ਮੌਜੂਦ ਹੁੰਦੇ ਸਨ। ਅਗਲੇਰੇ ਆਰਟੀਕਲ ਵਿਚ ਇਸ ਸਬੰਧੀ ਵਰਣਨ ਕੀਤਾ ਜਾਵੇਗਾ।


## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਬਾਰੇ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s *80 G of Income-Tax Act, 1961* (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

**ਪਿਛਲੇ ਅੰਕ ਦੀ ਬਾਕੀ**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼

ਪਾਕਿਸਤਾਨ ਵਿਚ ਭਾਈ ਕਰਮ ਸਿੰਘ ਰਤਨ ਜੀ ਨੇ ਦੂਜੀ ਕਲਾਸ ਵਿਚ ਪੜ੍ਹਾਈ ਸ਼ੁਰੂ ਕੀਤੀ ਸੀ ਤੇ ਪੜ੍ਹਾਈ ਛੱਡਣੀ ਪੈ ਗਈ। ਭਾਰਤ ਆ ਕੇ ਆਪ ਜੀ ਤੀਜੀ ਕਲਾਸ ਵਿਚ ਬਹਿ ਗਏ ਪਰ ਰੱਬ ਦੀ ਨੀਤ ਨਾਲ ਆਪ ਤੀਜੀ ਕਲਾਸ ਵਿਚੋਂ ਪਾਸ ਹੋ ਗਏ। ਆਪ ਜੀ ਚੌਥੀ ਵਿਚ 1950 ਵਿਚ ਚੜ੍ਹ ਗਏ। ਇਹਨਾਂ ਦੇ ਪਿਤਾ ਜੀ ਗਿ: ਰਣਜੀਤ ਸਿੰਘ ਜੀ ਨੇ ਘਰ ਚਲਾਉਣ ਲਈ ਕਈ ਕੰਮ ਕੀਤੇ। ਕਈ ਪਿੰਡਾਂ ਦੇ ਗੁਰਦੁਆਰਿਆਂ ਵਿਚ ਗ੍ਰੰਥੀ ਦੀ ਸੇਵਾ ਕੀਤੀ। ਆਪ ਜੀ ਦਰਜੀ ਦਾ ਕੰਮ ਵੀ ਜਾਣਦੇ ਸਨ। ਸੋ ਲੋਕਾਂ ਦੇ ਕੱਪੜੇ ਸੀਵ ਸੀਵ ਕੇ ਵੀ ਘਰ ਦਾ ਗੁਜ਼ਾਰਾ ਚਲਾਇਆ। ਖੇਤੀ ਬਾੜੀ ਵੀ ਕੀਤੀ ਪਰ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚਲਦਾ ਸੀ। ਸੰਨ 1950 ਵਿਚ 2 ਅਗਸਤ ਨੂੰ ਆਪ ਜੀ ਦੀ ਤੀਜੀ ਭੈਣ ਦਾ ਜਨਮ ਪਿੰਡ ਸਲੇਮਪੁਰ ਸ਼ੇਖਾ ਵਿਖੇ ਹੋਇਆ ਇਸ ਦਾ ਨਾਮ ਰਜਿੰਦਰ ਕੌਰ ਰੱਖਿਆ ਗਿਆ। ਇਸ ਤੋਂ ਪਹਿਲੇ ਜੋ ਭੈਣਾਂ ਪੈਦਾ ਹੋਈਆਂ ਸੀ, ਉਹ ਦੋਵੇਂ ਹੀ ਸੁਰਗਵਾਸ ਹੋ ਗਈਆਂ ਸਨ। ਇਹ ਰਜਿੰਦਰ ਕੌਰ ਭਾਈ ਕਰਮ ਸਿੰਘ ਜੀ ਤੋਂ ਛੋਟੀ, ਅੱਜ ਕੱਲ੍ਹ ਪਿੰਡ ਨੌਸ਼ਹਿਰਾ ਸ਼ੰਭੂ ਰੇਲਵੇ ਸਟੇਸ਼ਨ ਦੇ ਨੇੜੇ, ਤਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਖੇ ਡਾਕਟਰ ਸਤਨਾਮ ਸਿੰਘ ਜੀ ਸਪੁੱਤਰ ਸ: ਟਹਿਲ ਸਿੰਘ ਜੀ ਦੇ ਘਰ ਵਸਦੀ ਹੈ। ਹੁਣ ਇਸ ਦੇ ਵੀ ਪੁੱਤਰ ਤੇ ਪੋਤਰੀਆਂ ਤੇ ਦੋਹਤਰੀਆਂ ਹੋ ਚੁੱਕੀਆਂ ਹਨ।

ਜਦੋਂ ਆਪ ਜੀ ਦੇ ਪਿਤਾ ਜੀ ਨੇ ਵੇਖਿਆ ਕਿ ਇਸ ਤਰ੍ਹਾਂ ਘਰ ਦਾ ਗੁਜ਼ਾਰਾ ਸਹੀ ਤਰੀਕੇ ਨਾਲ ਨਹੀਂ ਚਲਣਾਂ ਤਾਂ ਆਪ ਜੀ ਨੇ ਕੀਰਤਨ ਕਰਨ ਲਈ ਰਾਗੀ ਜੱਥੇ ਬਣਾਉਣ ਦੀ ਸੋਚੀ। ਆਪ ਜੀ ਨੇ ਭਾਈ ਕਰਮ ਸਿੰਘ ਜੀ ਨੂੰ ਮਜਬੂਰੀ ਵਸ ਹੋ ਕੇ ਚੌਥੀ ਵਿਚੋਂ ਹੀ ਸਕੂਲ ਵਿਚੋਂ ਹਟਾ ਲਿਆ। ਆਪ ਜੀ ਨੇ ਭਾਈ ਕਰਮ ਸਿੰਘ ਜੀ ਨੂੰ ਤਬਲੇ ਦਾ ਥੋੜ੍ਹਾ ਰਿਆਜ਼ ਕਰਾ ਕੇ ਆਪਣੇ ਨਾਲ ਤਬਲੇ ਤੇ ਲਾ ਲਿਆ

ਅੰਬਾਲਾ ਸ਼ਹਿਰ ਦੇ ਬਲਦੇਵ ਨਗਰ ਵਿਚ ਇਕ ਹਰੀ ਓਮ ਨਾਮ ਦਾ ਇਕ ਲੜਕਾ ਰਹਿੰਦਾ ਸੀ, ਉਹ ਥੋੜ੍ਹਾ ਬਹੁਤ ਕੀਰਤਨ ਕਰ ਲੈਂਦੇ ਸਨ, ਪਰ ਨਜ਼ਰ ਥੋੜ੍ਹੀ ਘਟ ਸੀ, ਉਹਨਾਂ ਨੂੰ ਪਿਤਾ ਜੀ ਨੇ ਨਾਲ ਵਾਜੇ ਤੇ ਰੱਖ ਲਿਆ। ਰਾਗੀ ਜੱਥਾ ਬਣਾ ਕੇ ਕੁਝ ਚਿਰ ਟੂਰ ਕੀਤਾ। ਵੱਖ ਵੱਖ ਸ਼ਹਿਰਾਂ ਦਾ। ਇਸ ਸਮੇਂ 25 ਨਵੰਬਰ 1954 ਵਿਚ ਪਿਤਾ ਜੀ ਦੇ ਘਰ ਦੂਜੇ ਪੁੱਤਰ ਭਾਈ ਹਰਚਰਨ ਸਿੰਘ ਦਾ ਜਨਮ ਹੋਇਆ। ਆਪ ਜੀ ਦੇ ਪਿਤਾ ਜੀ ਨੇ ਕੁਝ ਸਮਾਂ ਟੂਰ ਕਰਨ ਤੋਂ ਬਾਅਦ ਇਸੇ ਹੀ ਜੱਥੇ ਸਮੇਤ ਗੁਰਦੁਆਰਾ ਗੋਬਿੰਦਪੁਰਾ (ਨੇੜੇ ਲਭੂ ਵਾਲਾ ਤਾਲਾਬ) ਵਿਖੇ ਰਾਗੀ ਜੱਥੇ ਦੇ

ਤੌਰ 'ਤੇ ਕੀਰਤਨ ਦੀ ਸੇਵਾ ਲੈ ਲਈ ਅਤੇ ਇਥੇ ਭਾਈ ਕਰਮ ਸਿੰਘ ਜੀ ਨੂੰ ਤਬਲੇ ਦਾ ਵੀ ਹੋਰ ਰਿਆਜ਼ ਕਰਵਾਂਦੇ ਰਹੇ। ਸੰਨ 1955 ਅਕਤੂਬਰ ਤੋਂ ਲੈ ਕੇ ਨਵੰਬਰ 1956 ਤਕ ਪਿਤਾ ਜੀ ਨੇ ਇਸ ਗੁਰਦੁਆਰੇ ਦੀ ਸੇਵਾ ਕੀਤੀ। ਫਿਰ ਆਪ ਜੀ ਅੰਬਾਲਾ ਸ਼ਹਿਰ ਤੋਂ ਡੀਊਟੀ ਛੱਡ ਕੇ ਰਾਜਪੁਰੇ ਜਾ ਕੇ ਰਿਹਾਇਸ਼ ਕਰ ਲਈ ਅਤੇ ਏਥੇ ਆਪ ਜੀ ਨੂੰ ਸਰਕਾਰੀ ਡਾਕਖਾਨੇ ਦੀ ਵਰਦੀਆਂ ਸੀਊਣ ਦਾ ਕੰਮ ਮਿਲ ਗਿਆ ਅਤੇ ਨਾਲ ਹੀ ਜੱਟਾਂ ਦੇ ਗੁਰਦੁਆਰੇ ਗ੍ਰੰਥੀ ਦੀ ਡੀਊਟੀ ਮਿਲ ਗਈ ਤੇ ਆਪ ਜੀ ਦਾ ਕੰਮ ਚੰਗਾ ਚੱਲਣ ਲੱਗ ਪਿਆ। ਭਾਈ ਕਰਮ ਸਿੰਘ ਜੀ ਵਿਹਲੇ ਹੋ ਗਏ।

ਏਧਰ ਪਟਿਆਲਾ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ, ਮਸ਼ਹੂਰ ਰਾਗੀ ਭਾਈ ਪਿਆਰਾ ਸਿੰਘ ਜੋ ਕਿ ਪਹਿਲੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਚ ਹਜ਼ੂਰੀ ਰਾਗੀ ਸਨ, ਉਹ ਹੁਣ ਪਟਿਆਲੇ ਸਨ ਅਤੇ ਉਹਨਾਂ ਦੇ ਨਾਲ ਉਹਨਾਂ ਦੇ ਭਰਾ ਭਾਈ ਕ੍ਰਿਪਾਲ ਸਿੰਘ ਤੇ ਭਾਈ ਅਮਰ ਸਿੰਘ ਸਨ। ਭਾਈ ਪਿਆਰਾ ਸਿੰਘ ਜੀ ਨਾਲੋਂ ਕਿਸੇ ਕਾਰਨ ਡਿਊਟੀ ਛੱਡ ਦਿੱਤੀ ਤੇ ਭਾਈ ਕ੍ਰਿਪਾਲ ਸਿੰਘ ਜੀ ਨੇ ਆਪਣਾ ਰਾਗੀ ਜੱਥਾ ਬਨਾਉਣ ਬਾਰੇ ਸੋਚਿਆ ਤਾਂ ਉਹਲਾਂ ਨੂੰ ਤਬਲਾ ਵਜਾਉਣ ਵਾਲੇ ਦੀ ਲੋੜ ਸੀ। ਉਹਨਾਂ ਨੂੰ ਕਿਸੇ ਨੇ ਦੱਸਿਆ ਕਿ ਰਾਜਪੁਰੇ ਕੋਈ ਤਬਲਾ ਵਜਾਉਣ ਵਾਲਾ ਹੈ। ਭਾਈ ਕ੍ਰਿਪਾਲ ਸਿੰਘ ਤੇ ਛੋਟਾ ਭਰਾ ਭਾਈ ਅਮਰ ਸਿੰਘ ਦੋਵੇਂ ਹੀ ਤਬਲੇ ਵਾਲੇ ਦੀ ਤਲਾਸ਼ ਵਿਚ ਰਾਜਪੁਰੇ ਆ ਗਏ ਤੇ ਰਾਜਪੁਰੇ ਬਾਜ਼ਾਰ ਵਿਚ ਭਾਈ ਕਰਮ ਸਿੰਘ ਦੇ ਪਿਤਾ ਦਾ ਮੇਲ ਉਹਨਾਂ ਨਾਲ ਹੋ ਗਿਆ। ਕਿਉਂਕਿ ਆਪਸ ਵਿਚ ਰਿਸ਼ਤੇਦਾਰੀ ਵੀ ਸੀ। ਭਾਈ ਕਰਮ ਸਿੰਘ ਜੀ ਦੀ ਮਾਤਾ ਭਾਈ ਕ੍ਰਿਪਾਲ ਸਿੰਘ ਜੀ ਦੀ ਭੈਣ ਲਗਦੀ ਸੀ ਤੇ ਗਿਆਨੀ ਰਣਜੀਤ ਸਿੰਘ ਉਹਨਾਂ ਨੂੰ ਨਾਲ ਲੈ ਆਏ। ਭਾਈ ਕ੍ਰਿਪਾਲ ਸਿੰਘ ਜੀ ਨੇ ਪਿਤਾ ਜੀ ਨੂੰ ਦੱਸਿਆ ਕਿ ਅਸੀਂ ਤਬਲੇ ਵਾਲੇ ਦੀ ਭਾਲ ਵਿਚ ਆਏ ਹਾਂ। ਗਿਆਨੀ ਰਣਜੀਤ ਸਿੰਘ ਨੇ ਸੋਚਿਆ ਕਿ ਇਕ ਤਾਂ ਆਪਣੇ ਘਰ ਦੇ ਬੰਦੇ ਹਨ ਤੇ ਨਾਲੇ ਇਹਨਾਂ ਨਾਲ ਰਹਿ ਕੇ ਕਰਮ ਸਿੰਘ ਦੀ ਤਰੱਕੀ ਹੋਵੇਗੀ। ਇਹ ਸੋਚ ਕੇ ਪਿਤਾ ਜੀ ਨੇ ਭਾਈ ਕਿਰਪਾਲ ਸਿੰਘ ਨੂੰ ਕਹਿ ਦਿੱਤਾ ਕਿ ਇਹ ਮੇਰਾ ਲੜਕਾ ਹੈ, ਤਬਲਾ ਵਜਾਉਣ ਲਈ ਤਾਂ ਫਿਰ ਹੋਰ ਕਿਉਂ ਢੂੰਡਣਾ ਹੈ ਤਾਂ ਭਾਈ ਕਿਰਪਾਲ ਸਿੰਘ ਜੀ ਕਹਿਣ ਲੱਗੇ ਕਿ ਇਹ ਤਬਲਾ ਵਜਾ ਲੈਂਦਾ ਹੈ। ਪਿਤਾ ਜੀ ਨੇ ਕਿਹਾ ਮੇਰੇ ਨਾਲ ਅੰਬਾਲੇ ਇਹੀ ਵਜਾਉਂਦਾ ਰਿਹਾ ਹੈ। ਬਾਕੀ ਜਿਹੜੀ ਕਮੀ ਪੇਸ਼ੀ ਹੋਵੇਗੀ ਉਹ ਤੁਸੀਂ ਪੂਰੀ ਕਰਵਾ ਲੈਣੀ। ਭਾਈ ਕਿਰਪਾਲ ਸਿੰਘ ਜੀ ਭਾਈ ਕਰਮ ਸਿੰਘ ਜੀ ਨੂੰ ਆਪਣੇ ਨਾਲ ਪਟਿਆਲੇ ਲੈ ਗਏ। ਭਾਈ ਕਿਰਪਾਲ ਸਿੰਘ ਜੀ ਨੇ ਕੁਝ ਦਿਨ ਘਰ ਰਹਿ ਕੇ ਭਾਈ ਕਰਮ ਸਿੰਘ ਰਤਨ ਜੀ ਨੂੰ ਤਬਲੇ ਦਾ ਹੋਰ ਰਿਆਜ਼ ਕਰਵਾਇਆ ਅਤੇ ਟ੍ਰੇਨਿੰਗ ਦਿੱਤੀ। ਭਾਈ ਕ੍ਰਿਪਾਲ ਸਿੰਘ ਜੀ ਆਪ ਹੱਥੋਂ ਤਬਲਾ ਵਜਾਉਣਾ ਤਾਂ ਨਹੀਂ ਸੀ ਜਾਣਦੇ ਪਰ ਵੈਸੇ ਤਾਲਾਂ ਦੀ ਸਾਰੀ ਜਾਣਕਾਰੀ ਸੀ ਤੇ ਨਗਮਾਂ ਵਾਜੇ ਤੇ ਰੱਖ ਕੇ ਰਿਆਜ਼ ਕਰਵਾਉਂਦੇ ਰਹੇ। ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਨੇੜੇ ਸੀ ਤੇ ਇਸ ਲਈ ਭਾਈ ਕ੍ਰਿਪਾਲ ਸਿੰਘ ਤੇ ਭਾਈ ਅਮਰ ਸਿੰਘ ਅਤੇ ਭਾਈ ਕਰਮ ਸਿੰਘ ਇਹ ਜੱਥਾ ਦਿੱਲੀ ਚਲਾ ਗਿਆ ਤੇ ਗੁਰਦੁਆਰਾ ਸੀਸ ਗੰਜ ਵਿਚ ਠਹਿਰ ਗਏ ਅਤੇ ਵੱਖੋ ਵੱਖ ਕਲੋਨੀਆਂ ਵਿਚ ਆਪ ਜੀ ਦੇ ਗੁਰਪੁਰਬ ਦੇ ਪ੍ਰੋਗਰਾਮ ਬੁੱਕ ਹੋ ਗਏ। ਦਿੱਲੀ ਗੁਰਪੁਰਬ ਦੇ ਪ੍ਰੋਗਰਾਮ ਭੁਗਤਾ ਕੇ ਘਰ ਨਹੀਂ ਆਏ ਅਤੇ ਦਿੱਲੀ ਤੋਂ ਮਥਰਾ, ਆਗਰਾ, ਭੂਪਾਲ, ਇੰਦੌਰ ਤੇ ਖੰਡਵਾ ਸਭ ਥਾਵਾਂ ਤੇ ਪ੍ਰੋਗਰਾਮ ਕਰਦੇ ਹੋਏ ਬੰਬਈ ਪਹੁੰਚ ਗਏ। 1956 ਵਿਚ ਪਹਿਲੀ ਵਾਰ ਭਾਈ ਕਰਮ ਸਿੰਘ ਜੀ ਨੇ ਬੰਬਈ ਸ਼ਹਿਰ ਵੇਖਿਆ। ਬੰਬਈ ਤੋਂ ਵਾਪਸ ਆ ਕੇ ਭਾਈ ਕ੍ਰਿਪਾਲ ਸਿੰਘ ਜੀ ਦੇ ਜੱਥੇ ਨੇ, ਅਪਰੈਲ 1957 ਤੋਂ ਅਕਤੂਬਰ ਤਕ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸ੍ਰੀ ਗੰਗਾ ਨਗਰ ਰਾਜਸਥਾਨ ਵਿਖੇ ਡੀਊਟੀ ਕਰ ਲਈ। ਫਿਰ ਸੰਨ. 1957 ਦਾ ਗੁਰੂ ਨਾਨਕ ਪੁਰਬ ਸ਼ਿਮਲੇ ਸਿੰਘ ਸਭਾ ਕੀਤਾ, ਉਸ ਤੋਂ ਬਾਅਦ ਦਸਮ ਪਾਤਸ਼ਾਹ ਜੀ ਦਾ ਪ੍ਰਕਾਸ਼ ਪੁਰਬ ਜਬਲਪੁਰ ਤੋਂ ਉਸ ਤੋਂ ਬਾਅਦ ਟੂਰ ਕੀਤਾ ਵੱਖੋ ਵੱਖ ਸ਼ਹਿਰਾਂ ਦਾ, ਜਬਲਪੁਰਤੋਂ ਬਾਦ ਗੋਂਦੀਆ, ਰਾਜਾਨੰਦ ਗਾਓਂ, ਬੰਗਲੌਰ, ਪੂਨਾ, 1958 ਦੀ ਵੈਸਾਖੀ ਤੇ ਬੰਬਈ ਤੋਂ ਵਾਪਸ ਆਏ ਮਈ 1958 ਵਿਚ ਅਤੇ ਦੋ ਕੁ ਮਹੀਨੇ ਇਹ ਘਰ ਰਹੇ ਅਤੇ ਇਕ ਦਿਨ ਭਾਈ ਮਾਨ ਸਿੰਘ ਪੰਛੀ ਪਿੰਡ ਬਪਰੌਰ

ਤਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਦੇ ਰਹਿਣ ਵਾਲੇ ਸਨ, ਉਹ ਰਾਜਪੁਰੇ ਆ ਗਏ, ਉਹਨਾਂ ਨੂੰ ਭਾਈ ਕਰਮ ਸਿੰਘ ਰਤਨ ਦਾ ਪਤਾ ਸੀ। ਉਹ ਵੀ ਰਿਸ਼ਤੇ ਵਿਚ ਭਾਈ ਕਰਮ ਸਿੰਘ ਜੀ ਦੇ ਮਾਮਾ ਜੀ ਹੀ ਲਗਦੇ ਸਨ। ਉਹਨਾਂ ਨੂੰ ਤਬਲੇ ਵਾਲੇ ਦੀ ਲੋੜ ਪੈ ਗਈ। ਉਹਨਾਂ ਨੇ ਗੁਰਦੁਆਰਾ ਸਿੰਘ ਸਭਾ ਮੁਜ਼ਫਰ ਨਗਰ, ਯੂ. ਪੀ. ਵਿਚ ਕੀਰਤਨ ਦੀ ਸੇਵਾ ਲੈ ਲਈ ਤੇ ਉਹ ਪਿਤਾ ਜੀ ਪਾਸੋਂ ਮੰਗ ਕੇ ਭਾਈ ਕਰਮ ਸਿੰਘ ਨੂੰ ਆਪਣੇ ਨਾਲ ਤਬਲੇ ਦੀ ਸੰਗਤ ਵਾਸਤੇ ਲੈ ਗਏ ਅਤੇ ਭਾਈ ਕਰਮ ਸਿੰਘ ਜੀ ਸਿਰਫ ਦੋ ਕੁ ਮਹੀਨੇ ਹੀ ਮੁਜ਼ਫਰ ਨਗਰ ਰਹੇ ਕਿਉਂਕਿ ਇਥੇ ਆਪ ਜੀ ਬੀਮਾਰ ਹੋ ਗਏ ਅਤੇ ਦੇਖ ਭਾਲ ਵਾਲਾ ਕੋਈ ਵੀ ਪਰਿਵਾਰ ਦਾ ਬੰਦਾ ਆਪ ਜੀ ਪਾਸ ਨਹੀਂ ਸੀ। ਬੀਮਾਰੀ ਦੀ ਹਾਲਤ ਵਿਚ ਟਰੇਨ ਤੇ ਚੜ੍ਹ ਕੇ ਮੇਰਠ ਆਪਣੇ ਪਿਤਾ ਜੀ ਪਾਸ ਚਲੇ ਗਏ। ਕਿਉਂਕਿ ਪਿਤਾ ਜੀ ਨੇ ਗੁਰਦੁਆਰਾ ਕੋਟਲਾ ਮੇਰਠ ਵਿਖੇ ਗ੍ਰੰਥੀ ਰਾਗੀ ਦੀ ਸੇਵਾ ਲੈ ਲਈ ਸੀ ਅਤੇ ਜਦੋਂ ਆਪ ਜੀ ਠੀਕ ਹੋ ਗਏ ਤਾਂ ਪਿਤਾ ਜੀ ਨਾਲ ਹੀ ਕੀਰਤਨ ਕਰਵਾਉਣ ਲੱਗ ਪਏ।

ਇਧਰੋਂ ਭਾਈ ਮਾਨ ਸਿੰਘ ਪੰਛੀ ਜੀ ਮੁਜ਼ਫਰ ਨਗਰ ਛੱਡ ਕੇ, ਗੁਰਦੁਆਰਾ ਸਿਘ ਸਭਾ ਲਾਟੂਸ ਰੋਡ ਕਾਨਪੁਰ, ਯੂ. ਪੀ. ਵਿਖੇ ਜਾ ਕੇ ਕੀਰਤਨ ਦੀ ਡਿਉਟੀ ਕਰ ਲਈ ਤੇ ਭਾਈ ਮਾਨ ਸਿੰਘ ਪੰਛੀ ਜੀ ਨੂੰ ਕਾਨਪੁਰ ਵਿਖੇ ਫਿਰ ਲੋੜ ਪੈ ਗਈ ਤਬਲੇ ਵਾਲੇ ਦੀ, ਤੇ ਉਹਨਾਂ ਨੇ ਭਾਈ ਕਰਮ ਸਿੰਘ ਨੂੰ ਚਿੱਠੀ ਪਾ ਦਿੱਤੀ ਕਿ ਤੂੰ ਜਲਦੀ ਤੋਂ ਜਲਦੀ ਕਾਨਪੁਰ ਆ ਜਾ, ਮੇਰੇ ਨਾਲ ਤਬਲੇ ਤੇ ਤੇਰੀ ਲੋੜ ਹੈ। ਤੇ। ਭਾਈ ਕਰਮ ਸਿੰਘ ਰਤਨ ਜੀ ਚਿੱਠੀ ਪੜ੍ਹ ਕੇ ਕਾਨਪੁਰ ਆ ਗਏ। ਅਗਸਤ 1959 ਵਿਚ ਉਸ ਸਮੇਂ ਭਾਈ ਮਾਨ ਸਿੰਘ ਪੰਛੀ ਜੀ ਨਾਲ ਜੋ ਸਹਾਇਕ ਰਾਗੀ ਸੀ, ਭਾਈ ਧਿਆਨ ਸਿੰਘ ਉਹ ਕਿਸੇ ਘਰੇਗੀ ਕਾਰਨ ਕਰਕੇ ਡੀਊਟੀ ਛੱਡ ਕੇ ਚਲਾ ਗਿਆ, ਭਾਈ ਮਾਨ ਸਿੰਘ ਪੰਛੀ ਜੀ ਨੇ ਕਰਮ ਸਿੰਘ ਕਿਹਾ ਕਿ ਤੂੰ ਵਾਜੇ ਤੇ ਲਗ ਜਾ ਤੇ ਭਾਈ ਕਰਮ ਸਿੰਘ ਨੇ ਕਿਹਾ ਕਿ ਮੈਨੂੰ ਤਾਂ ਵਾਜਾ ਵਜਾਉਣਾ ਆਉਂਦਾ ਹੀ ਨਹੀਂ ਤਾਂ ਪੰਛੀ ਜੀ ਨੇ ਕਿਹਾ ਕਿ ਤੂੰ ਤਬਲੇ ਤੇ ਬੈਠਾ ਹੀ ਪੂਰਾ ਬੋਲ ਲੈਂਦਾ ਹੈ। ਇਸ ਲਈ ਵਾਜਾ ਵਜਾਉਣਾ ਤੈਨੂੰ ਆਪੇ ਆ ਜਾਏਗਾ। ਭਾਈ ਕਰਮ ਸਿੰਘ ਜੀ ਪੰਛੀ ਜੀ ਨਾਲ ਸਹਾਇਕ ਰਾਗੀ ਬਣ ਗਏ। ਵੈਸੇ ਜਦੋਂ ਭਾਈ ਕਰਮ ਸਿੰਘ ਜੀ ਭਾਈ ਕ੍ਰਿਪਾਲ ਸਿੰਘ ਨਾਲ ਤਬਲੇ ਦੀ ਸੇਵਾ ਕਰ ਰਹੇ ਸਨ, ਉਸ ਸਮੇਂ ਜਦੋਂ ਆਪ ਜੀ ਉਹਨਾਂ ਨਾਲ ਪੂਨਾ ਗਏ ਸੀ, ਉਸ ਸਮੇਂ ਭਾਈ ਕਰਮ ਸਿੰਘ ਜੀ ਨੇ ਭਾਈ ਕ੍ਰਿਪਾਲ ਸਿੰਘ ਜੀ ਨੂੰ ਆਪਣਾ ਵਾਜੇ ਦਾ ਤੇ ਗਾਇਕੀ ਦਾ ਉਸਤਾਦ ਧਾਰ ਲਿਆ ਸੀ, ਪਰ ਧਿਆਨ ਤਬਲੇ ਵਾਲੇ ਹੋਣ ਕਰਕੇ ਉਸ ਪਾਸੇ ਖਿਆਲ ਨਹੀਂ ਦੇ ਸਕੇ। ਸੋ ਭਾਈ ਕਰਮ ਸਿੰਘ ਨੂੰ ਤਬਲੇ ਤੋਂ ਵਾਜੇ ਤੇ ਲਾਉਣ ਵਾਜਲੇ ਭਾਈ ਮਾਨ ਸਿੰਘ ਪੰਛੀ ਜੀ ਸਨ। ਯਾਨਿ ਕਿ ਭਾਈ ਕਰਮ ਸਿੰਘ ਜੀ ਦੀ ਇਕ ਪੜ੍ਹਾਅ ਤਰੱਕੀ ਹੋ ਗਈ। (ਚਲਦਾ)


## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

– ਸੰਪਾਦਕ : 09814053630



ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਅਭੋਗੀ ਕਾਨੜਾ : ਪ੍ਰਿ: ਦਿਆਲ ਸਿੰਘ

ਅਭੋਗੀ : ਕਾਨੜਾ
ਕਾਨੜਾ ਮਹਲਾ ੫ (੧੩੦੩)
ਥਾਟ : ਕਾਫੀ
ਸਮਾਂ : ਰਾਤ ਦਾ ਦੂਜਾ ਪਹਿਰ
ਜਾਤੀ : ਓੜਤ-ਓੜਵ
ਵਾਦੀ-ਸੰਵਾਦੀ ਮਾ ਸਾ

ਅਰੋਹ : ਸ, ਰ ਮ/ਗੁ ਮ, ਧ, ਸੰ॥

ਅਵਰੋਹ : ਸੰ ਸ/ਧ ਮ, ਮ/ਗੁ , ਮ/ਗੁ , ਮ, ਰਮ ਸ॥

ਮੁੱਖ ਅੰਗ : ਸ, ਸ/ਧ , ਸ/ਧ ਸਰ ਮ/ਗੁ ਗੁ ਮ ਰ ਸੁ॥

| × | | 2 | | | 0 | | 3 | | | × | | 2 | | | 0 | | 3 | | |
|---|---|---|---|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ;EkJh<br>ਮ<br>ਗੁ | ਮ | ਰ | - | ਸ | ਰ | ਧ਼ | ਸ | - | ਰ | ਮ<br>ਗੁ | ਮ | ਮ | ਧ | ਧ | ਮ<br>ਗੁ | ਮ | ਰ | ਸ | ਸ |
| ਜੀ | ਅ | ਪ੍ਰਾ | s | ਨ | ਮਾ | ਨ | ਦਾ | s | ਤਾ | ਹ | ਰਿ | ਬਿ | ਸ | ਰ | ਤੇ | ਹੀ | ਹਾ | s | ਨਿ |
| ਅੰਤਰਾ<br>ਮ | ਮ | ਧ | - | ਮ | ਧ | ਧ | ਸੰ | - | ਸੰ | ਸੰ<br>ਧ | ਸੰ | ਰੰਗੁੰ | ਰੰ | ਸੰ | ਰੇ | ਧ | ਸੰ | - | ਸੰ |
| ਗੋ | ਬਿੰਦ | ਤਿਆ | s | ਗ | ਆ | ਨ | ਲਾ | s | ਗਹਿ | ਅੰ | ਮ੍ਰਿ | ਤੋs | ਡਾ | ਰ | ਬੂ | ਮ | ਪਾ | s | ਗਹਿ |
| ਮੰ<br>ਗੁ | ਮੰ | ਰੇਂ | ਸੰ | ਸੰ | ਧ | ਸੰ | ਧ | ਮ | ਮ | ਮ<br>ਗੁ | ਮ | ਧ | - | ਧ | ਮ<br>ਗੁ | ਮ | ਰ | ਸ | ਸ |
| ਬਿ | ਖੈ | ਰ | ਸ | ਸਿਉ | ਆ | ਸ | ਕ | s | ਤ | ਮੂ | ੜੇ | ਕਾ | s | ਹੇ | ਸੁ | ਖ | ਮਾ | s | ਨਿ |

## ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

### ਅੰਗ ੧੩੦੩

Page 1303

ਕਾਨੜਾ ਮਹਲਾ ੫ ॥

Kaanraa, Fifth Mehl:

ਜੀਅ ਪ੍ਰਾਨ ਮਾਨ ਦਾਤਾ ॥

The Giver of the soul, the breath of life and honor

ਹਰਿ ਬਿਸਰਤੇ ਹੀ ਹਾਨਿ ॥੧॥ ਰਹਾਉ ॥

- forgetting the Lord, all is lost. ||1||Pause||

ਗੋਬਿੰਦ ਤਿਆਗਿ ਆਨ ਲਾਗਹਿ ਅੰਮ੍ਰਿਤੋ ਡਾਰਿ ਭੂਮਿ ਪਾਗਹਿ ॥

You have forsaken the Lord of the Universe, and become attached to another - you are throwing away the Ambrosial Nectar, to take dust.

ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ ॥੧॥

What do you expect from corrupt pleasures? You fool! What makes you think that they will bring peace? ||1||

ਕਾਮਿ ਕ੍ਰੋਧਿ ਲੋਭਿ ਬਿਆਪਿਓ ਜਨਮ ਹੀ ਕੀ ਖਾਨਿ ॥

Engrossed in unfulfilled sexual desire, unresolved anger and greed, you shall be consigned to reincarnation.

ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ ॥੨॥੧੨॥੩੧॥

But I have entered the Sanctuary of the Purifier of sinners. O Nanak, I know that I shall be saved. ||2||12||31||



## HOW GOD ANSWERS OUR PRAYERS

Dr. Ahmed, a well-known cancer specialist, was once on his way to an important conference in another city where he was going to be granted an award in the field of medical research.

He was very excited to attend the conference and was desperate to reach as soon as possible. He had worked long and hard on his research and felt his efforts deserved the award he was about to obtain.

However, two hours after the plane took off, the plane made an emergency landing at the nearest airport due to some technical snag. Afraid, that he wouldn't make it in time for the conference, Dr. Ahmed immediately went to the reception and found that next flight to the destination was after ten hours. The receptionist suggested him to rent a car and drive himself down to the conference city which was only four hours away.

Having no other choice, he agreed to the idea despite his hatred for driving long distances.

Dr. Ahmed rented a car and started his journey. However, soon after he left, the weather suddenly changed and a heavy storm began. The pouring rain made it very difficult for him to see and he missed a turn he was supposed to take.

After two hours of driving, he was convinced he was lost. Driving in the heavy rain on a deserted road, feeling hungry and tired, he frantically began to look for any sign of civilization. After some time, he finally came across a small tattered house. Desperate, he got out of the car and knocked on the door. A beautiful lady opened the door. He explained the matter and asked her if he could use her telephone.

However, the lady told him that she doesn't have a phone or any electronic gadget but told the doctor that if could come inside till weather improves.

Hungry, wet and exhausted, the doctor accepted her kind offer and walked in.

The lady gave him hot tea and something to eat. The lady told him that he can join her for prayers for which Dr. Ahmed smiled and said that he believe in hard work only and told her to continue with her prayers.

Sitting on the table and sipping the tea, the doctor watched the woman in the dim light of candles as she prayed next to what appeared to be a small baby crib.

Every time she finished a prayer, she would start another one. Feeling that the woman might be in need of help, the doctor seized the opportunity to speak as soon as she finished her prayers. The doctor asked her what exactly she wants from the God and inquired if God will ever listen or listen to her prayers. He further asked about the small child in the crib for whom she was apparently making a lot of prayers.

The lady gave a sad smile and said that the child in the crib is his son who is suffering from a rare type of cancer and there is only one Doctor Ahmed who can cure him but she doesn't have money to afford his fee and moreover Dr Ahmed lives in another far off town. She said that God has not answered her prayer so far but said that God will create some way out one day and added that she will not allow her fears to overcome her faith.

Stunned and speechless Dr Ahmed was in tears which were rolling down his cheeks. He whispered, God is great and recollected sequence of events. ....there was malfunction in the plane, a thunderstorm hit, and he lost his way; and all of this happened because God did not just answer her prayer but also gave him a chance to come out of materialistic world and give some time to the poor helpless people who have nothing but rich prayers.

We should always remember five important steps in our daily life:

1) Ask
2) Believe
3) Receive
4) Faith
5) Giving

May God bless us all

Posted by : Junaid Tahir

Postal Regd. No. CH/0045/2015-2017 RNI Regd. No. 46788/89 ISSN 0972-2335


ੴ

ਦਾਤੈ ਦਾਤਿ ਰਖੀ ਹਥਿ ਅਪਣੈ

DAATE DAAT RAKHI HATH APNE

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ

Anand karo mil
Tera Mukh Suhava Jio
Daate Daat Rakhi Hath Apne

Mere Ram Rai
Nimakh na bisro tum ko har har

ਅਨਦੁ ਕਰਹੁ ਮਿਲਿ - ਤੇਰਾ ਮੁਖੁ ਸੁਹਾਵਾ ਜੀਉ
ਦਾਤੈ ਦਾਤਿ ਰਖੀ ਹਥਿ ਅਪਣੈ -ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ

DR. JAGIR SINGH

# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐਡਰੈਸ
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
E-mail : drjagirsingh@gmail.com Website : www.amritkirtan.com